# ਅੰਮ੍ਰਿਤ ਕੀਰਤਨ



ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਮਨੁੱਖਤਾ ਦੇ ਕਲਿਆਣ ਹਿਤ
ਸਰੋਵਰ ਖੁਦਵਾ ਕੇ ਕਾਇਮ ਕੀਤਾ ਸਿੱਖੀ ਦਾ ਮਹਾਨ ਕੇਂਦਰ

**ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ**


ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਜੂਨ 2000
ਮੁੱਲ : 10 ਰੁਪਏ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 6 ◆ ਸਾਲ ਬਾਰ੍ਹਵਾਂ ◆ ਜੂਨ 2000



ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਣ
ਐਮ.ਏ., ਪੀ.ਐਚ.ਡੀ.

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ.(ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ



2 ਮਿਤ੍ਰ ਅਸਾਡੜੇ ਸੇਈ

4 ਅਨੰਦ ਕਾਰਜ
ਸੋਹਿੰਦਰ ਸਿੰਘ ਵਣਜਾਰਾ ਬੇਦੀ

5 ਕਰਉ ਬੇਨੰਤੀਆ

6 ਅੰਮ੍ਰਿਤ ਵੇਲੇ ਦੀ ਸ਼ਾਨ
ਭਗਵੰਤ ਸਿੰਘ ਦਲਾਵਰੀ

8 ਤਿਨ ਕੀ ਸੰਗਤਿ ਖੋਜ ਭਇਆ
ਪ੍ਰੋ. ਬਲਵਿੰਦਰ ਸਿੰਘ

13 ਗਾਵੀਐ ਸੁਣੀਐ ਮਨਿ ਰਖੀਐ ਭਾਉ!
ਗਿਆਨੀ ਕਰਤਾਰ ਸਿੰਘ ਨੀਲਧਾਰੀ

15 ਡਾਕਟਰ ਨੇਕੀ ਨਾਲ ਕੁਝ ਗੱਲਾਂ
ਰੇਣੁਕਾ ਸਰਬਜੀਤ ਸਿੰਘ

16 ਆਓ ਤਬਲਾ ਸਿੱਖੀਏ
ਗੁਰਜੰਤ ਸਿੰਘ ਰਾਹੀ

18 ਮਹਾਨ ਕੀਰਤਨੀਏ ....
ਭਾਈ ਅਵਤਾਰ ਸਿੰਘ 'ਹੰਸ'

20 ਮਿਲਿ ਸੰਗਤਿ ਗੁਣ ਪਰਗਾਸਿ
ਰਮੇਸ਼ ਸਿੰਘ

26 ਮੇਰਾ ਮਨ ਲੋਚੈ ਗੁਰ ਦਰਸਨ ਤਾਈਂ
ਡਾ. ਹਰਨੇਕ ਸਿੰਘ ਕਲੇਰ

28 ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ
ਡਾ. ਤਾਰਨ ਸਿੰਘ

29 Sikh Temple Makindu
P. S. Sachdev

31 Gurmat Sangeet
Bhayee Sikandar Singh

34 ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ
ਮਨਮੋਹਨ ਸਿੰਘ

35 ਸੁਰ-ਲਿਪੀਆਂ
ਪਿਆਰਾ ਸਿੰਘ ਪਦਮ



'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

●

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001



ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ ਰਜਿ
1246 (I ਫਲੋਰ),
ਸੈਕਟਰ 22-ਬੀ,
ਚੰਡੀਗੜ੍ਹ 160 022
ਫੋਨ :
0172-701396, 713915



ਇਸ਼ਤਿਹਾਰਾਂ ਦਾ ਵੇਰਵਾ :
ਪਿਛਲਾ ਕਵਰ
6000 ਰੁਪਏ
ਕਵਰ ਦੇ ਅੰਦਰਲੇ ਪੰਨੇ
4000 ਰੁਪਏ
ਸਾਧਾਰਨ ਪੂਰਾ ਪੰਨਾ
2000 ਰੁਪਏ



ਚੰਦੇ ਦਾ ਵੇਰਵਾ :

ਦੇਸ਼ ◆ ਇਕ ਕਾਪੀ 15 ਰੁ. ◆ ਸਲਾਨਾ 150 ਰੁ. ◆ ਜੀਵਨ ਮੈਂਬਰ (15 ਸਾਲ) 1500 ਰੁ
ਵਿਦੇਸ਼ ◆ ਸਲਾਨਾ 30 $ ◆ ਜੀਵਨ ਮੈਂਬਰ (15 ਸਾਲ) 300 $

●

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

●



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਮਿਲਿਆ 'ਕਰਉ ਬੇਨੰਤੀਆ' ਪੜ੍ਹ ਕੇ ਬੜੀ ਖੁਸ਼ੀ ਹੋਈ ਕਿ ਆਪ ਨੇ ਇਸ ਵਿੱਚ ਤਬਲੇ ਬਾਰੇ ਜਾਣਕਾਰੀ ਦਿੱਤੀ ਹੈ। ਮੇਰੀ ਬੇਨਤੀ ਹੈ ਕਿ ਆਪ ਜੀ ਚੰਗੇ-ਚੰਗੇ ਤਬਲਾ ਵਾਦਕਾਂ ਅਤੇ ਜੋ ਕੀਰਤਨੀ ਸਟਾਈਲ ਜਿਵੇਂ ਕਹਿਰਵਾ, ਦਾਦਰਾ, ਰੂਪਕ ਦੀਪਚੰਦੀ, ਝਪਤਾਲ ਦੇ ਚੰਗੇ-ਚੰਗੇ ਬੋਲ 'ਅੰਮ੍ਰਿਤ ਕੀਰਤਨ' ਮੈਗਜ਼ੀਨ ਵਿੱਚ ਛਾਪਣ ਦੀ ਕਿਰਪਾ ਕਰੋ। ਮੈਂ ਤਾਂ ਮਹੀਨੇ ਦੀ 4-5 ਤਾਰੀਖ ਨੂੰ ਉਡੀਕ ਸ਼ੁਰੂ ਕਰ ਦਿੰਦਾ ਹਾਂ ਕਿ ਕਦੋਂ ਮੈਗਜ਼ੀਨ ਆਵੇ ਮੈਂ ਪੜ੍ਹਾਂ ਅਤੇ ਸਿੱਖਿਆ ਲਵਾਂ।

*ਡਾ. ਗਿਆਨੀ ਚੇਤ ਸਿੰਘ*

R2-4B ਰਵੀ ਨਗਰ ਐਕਸਟੈਨਸ਼ਨ ਧਰਮਪੁਰੀ, (ਖਿਆਲਾ)

ਨਵੀਂ ਦਿੱਲੀ-18

★ ਮਾਰਚ ਅੰਕ ਵਿੱਚ ਪ੍ਰੋ. ਹਰਨਾਮ ਸਿੰਘ ਸ਼ਾਨ ਹੋਰਾਂ ਦਾ ਵਿਸਾਖੀ ਬਾਰੇ ਛਪਿਆ ਵੱਡਾ ਲੇਖ ਕਮਾਲ ਦਾ ਸੀ। ਭਗਵੰਤ ਸਿੰਘ ਦਲਾਵਰੀ ਅਤੇ ਪ੍ਰੋ. ਬਲਵਿੰਦਰ ਸਿੰਘ ਦੇ ਲੇਖ ਪ੍ਰੇਰਨਾ ਦਾਇਕ ਹਨ। ਪਰਮਜੀਤ ਸਿੰਘ ਦਾ ਉਸਤਾਦ ਅੱਲਾ ਰੱਖਾ ਬਾਰੇ ਅਤੇ ਗੁਰਜੰਤ ਸਿੰਘ ਰਾਹੀ ਵੱਲੋਂ ਤਬਲਾ ਕਿਵੇਂ ਸਿੱਖੀਏ 'ਅੰਮ੍ਰਿਤ ਕੀਰਤਨ' ਲਈ ਮਹੱਤਵਪੂਰਨ ਹਨ। ਕੈਸਟ ਸਮੀਖਿਆ ਅਤੇ ਪੁਸਤਕ ਸਮੀਖਿਆ ਵੀ ਸ਼ਲਾਘਾਯੋਗ ਹਨ।

*ਮੰਗਤ ਸਿੰਘ ਮਸਤਾਨਾ*

C/o ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ

ਮਲੋਟ 152 107

★ ਭਾਈ ਸੰਤਾ ਸਿੰਘ ਜੀ ਬਾਰੇ ਭਾਈ ਸਮੁੰਦ ਸਿੰਘ ਜੀ ਦੇ ਬਚਨ ਕਿ, 'ਜਿਹੜੀ ਮਾਂ ਨੇ ਭਾਈ ਸੰਤਾ ਸਿੰਘ ਨੂੰ ਜੰਮਿਆਂ, ਉਹ ਮੁੜ ਨਹੀਂ ਪੈਦਾ ਹੋਈ', ਪੜ੍ਹ ਕੇ ਮਨ ਖੁਸ਼ੀ ਨਾਲ ਝੂਮ ਉਠਿਆ। ਉਹ ਮਾਂ ਵੀ ਬੜੀ ਮਹਾਨ ਹੈ ਜਿਸਨੇ ਇਹੋ ਜਿਹਾ ਪੁੱਤਰ ਜੰਮਿਆ। ਉਸ ਵਕਤ ਦੀਆਂ ਮਾਵਾਂ ਦਾ ਆਪਣਾ ਜੀਵਨ ਬੜਾ ਉੱਚਾ-ਸੁੱਚਾ ਹੁੰਦਾ ਸੀ। ਆਪਣੀ ਔਲਾਦ ਨੂੰ ਗੁਰੂ ਘਰ ਨਾਲ ਜੋੜੀ ਰੱਖਦੀਆਂ ਸਨ। ਸੰਸਕਾਰ ਉੱਚੇ ਸਨ, ਮਨ ਨੀਵਾਂ ਸੀ। ਅੱਜਕਲ ਇਹ ਸਭ ਗੁੰਮ ਹੁੰਦਾ ਜਾ ਰਿਹਾ ਹੈ। ਇਹ ਸਭ ਕੁਝ ਦੇਖਣ ਵਾਸਤੇ ਮਾਵਾਂ ਨੂੰ ਗੁਰਸਿਖੀ ਬਾਰੇ, ਬਾਣੀ ਬਾਰੇ ਉਚ ਸਿੱਖਿਆ ਦੀ ਲੋੜ ਹੈ। ਜਦ ਤਕ ਅਸੀਂ ਮਾਵਾਂ ਨੂੰ ਇਸ ਪਾਸੇ ਵੱਲ ਨਹੀਂ ਪਰੇਰਾਂਗੇ, ਅਸੀਂ ਆਪਣੀ ਨਵੀਂ ਪਨੀਰੀ ਨੂੰ ਇਸ ਪਾਸੇ ਨਹੀਂ ਲਿਆ ਸਕਾਂਗੇ। ਕੀਰਤਨ ਦਰਬਾਰ ਤਦ ਹੀ ਸਫਲ ਹੋਣਗੇ ਜੇ ਸਾਡੇ ਬੱਚੇ ਗੁਰਸਿੱਖ ਹੋਣਗੇ, ਗੁਰਸਿੱਖੀ ਨੂੰ ਸਮਝਣਗੇ।

ਅੱਜ ਜਿਧਰ ਦੇਖੋ ਕੀਰਤਨ ਸੋਸਾਇਟੀਆਂ, ਸੁਖਮਨੀ ਸੋਸਾਇਟੀਆਂ ਤੇ ਹੋਰ ਭਾਂਤ-ਭਾਂਤ ਦੀਆਂ ਸੋਸਾਇਟੀਆਂ ਬਣ ਰਹੀਆਂ ਹਨ। ਸਭ ਨੂੰ ਆਪੋ ਧਾਪੀ ਪਈ ਹੈ। ਹਰ ਕੋਈ ਅਪਣਾ ਨਾਮ ਚਾਹੁੰਦਾ ਹੈ, ਆਪਣੇ ਹਉਮੈ ਨੂੰ ਪੱਠੇ ਪਾ ਰਿਹਾ ਹੈ।

ਘਰ ਵਿੱਚ ਕੀਰਤਨ ਹੁੰਦਾ ਤੇ ਬੱਚੇ ਦੂਸਰੇ ਕਮਰੇ 'ਚ ਬੈਠੇ ਪਿਕਚਰਾਂ ਟੀ. ਵੀ. ਦੇਖ ਰਹੇ ਹੁੰਦੇ ਹਨ, ਗਾਣੇ ਸੁਣ ਰਹੇ ਹਨ। ਸੋ ਇਸ ਤਰ੍ਹਾਂ ਦੀਆਂ ਸੋਸਾਇਟੀਆਂ ਦੇ ਕੀਰਤਨ ਪ੍ਰੋਗਰਾਮਾਂ ਦਾ ਕੀ ਫਾਇਦਾ?

ਸਿੱਖ ਇਤਿਹਾਸ ਪੜ੍ਹੀਏ, ਰੌਂਗਟੇ ਖੜੇ ਹੋ ਜਾਂਦੇ ਹਨ ਮਨ ਕੰਬ ਉਠਦਾ ਹੈ ਅਤੇ ਮੂੰਹੋਂ ਨਿਕਲ ਉੱਠਦਾ ਹੈ- "ਧੰਨ ਉਹ ਮਾਵਾਂ ਜਿਨ੍ਹਾਂ ਨੇ ਇਹੋ ਜਿਹੇ ਬੱਚੇ ਜਾਏ। ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ।

ਪਰ ਅੱਜ ਹਾਲਾਤ ਇਹ ਹਨ ਕਿ ਸਿਰ ਸ਼ਰਮ ਨਾਲ ਨੀਵਾਂ ਅਤੇ ਅੱਖਾਂ ਵਿੱਚ ਹੰਝੂ ਜੋ ਕਿਸੇ ਨੂੰ ਸਾਂਝੇ ਵੀ ਨਹੀਂ ਕੀਤੇ ਜਾਂਦੇ, ਤੇ ਨਾ ਹੀ ਕੀਤੇ ਜਾ ਸਕਣ ਦੀ ਸਾਡੀ ਸਮਰਥਾ ਹੈ। ਕਈ ਵਾਰੀ ਗੁਰੂ ਦਰਬਾਰ ਵਿੱਚ ਜਦੋਂ ਸੰਗਤ ਸਹਿਜ ਭਾਵ ਨਾਲ ਗੁਰਬਾਣੀ ਦੀ ਤਾਂਘ ਰੱਖਦੀ ਜਾਂਦੀ ਹੈ ਤਾ ਸਤਿਗੁਰੂ ਦੀ ਹਜ਼ੂਰੀ 'ਚ ਹਾਜ਼ਰੀ ਭਰਦੇ ਕਈ ਰਾਗੀ ਸਾਹਿਬਾਨ, ਜਦ ਕੀਰਤਨ ਕਰਦੇ-ਕਰਦੇ, ਇੱਧਰ ਉੱਧਰ ਹਰ ਆਏ ਵਿਅਕਤੀ ਵੱਲ ਦੇਖਦੇ ਹਨ ਤੇ ਨਿਗਾਹ ਪੁੱਟਦੇ ਸੁੱਟਦੇ ਹਨ, ਤਾਂ ਮਨ ਨੂੰ ਬਹੁਤ ਹੀ ਰੋਸ ਆਂਦਾ ਹੈ, ਦੁੱਖ ਹੁੰਦਾ ਹੈ। ਕੀਰਤਨ ਵਿੱਚੋਂ ਮਨ ਉਖੜ ਜਾਂਦਾ ਹੈ।

ਰਾਗੀਆਂ ਦਾ ਮਕਸਦ ਤਾਂ ਇਹ ਹੋਣਾ ਚਾਹੀਦਾ ਹੈ ਕਿ ਉਹ ਇਹੋ ਜਿਹੀ ਅਵਸਥਾ ਵਿੱਚ ਬੈਠ ਕੇ ਕੀਰਤਨ ਕਰਨ ਕਿ ਸੁਣਨ ਵਾਲੇ ਦਾ ਮਨ ਅੰਦਰੋਂ ਪਸੀਜ ਜਾਏ। ਸੰਗਤ ਨੂੰ ਵੀ ਚਾਹੀਦੈ ਕਿ ਸਮੇਂ ਸਿਰ ਹਾਜ਼ਰੀ ਭਰੇ ਤਾਂ ਕਿ ਰਾਗੀ ਸਿੰਘ ਦੀ ਬਿਰਤੀ ਨਾ ਉਖੜੇ।

ਬਾਕੀ ਰਹੀ ਗਲ ਕੀਰਤਨ ਦਰਬਾਰਾਂ ਦੀ ਅੱਜ ਕੱਲ ਤਾਂ ਇੱਕ ਭੇਡ ਚਾਲ ਚਲ ਪਈ ਹੈ ਪੈਸਾ ਇਕੱਠਾ ਕਰਨ ਦੀ। ਇੱਕ ਸੰਸਥਾ ਬਣਾਓ। ਬਸ। ਮਕਸਦ ਸਿਰਫ ਪੈਸਾ ਇਕੱਠਾ ਕਰਨਾ। ਅੱਜ-ਕੱਲ ਬਹੁਤ ਕੀਰਤਨ ਦਰਬਾਰ ਨ ਰਹਿ ਕੇ ਮੇਲਾ ਦਰਬਾਰ ਬਣੀ ਜਾ ਰਹੇ ਹਨ।

ਜਿਨ੍ਹਾਂ ਕੋਲ ਸੋਝੀ ਹੈ, ਉਨ੍ਹਾਂ ਕੋਲ ਸਾਧਨ ਨਹੀਂ ਹਨ

ਕਿ ਸੰਗਤ ਨੂੰ ਠੀਕ ਪਾਸੇ ਵੱਲ ਤੋਰ ਸਕਣ।

ਚੰਡੀਗੜ੍ਹ ਵਿੱਚ ਬੜੇ ਕੀਰਤਨ ਦਰਬਾਰ ਸੁਣੇ ਪਰ ਆਨੰਦ ਸਿਰਫ ਅਕਾਲ ਆਸ਼ਰਮ ਸੁਹਾਣੇ ਹੀ ਆਇਆ, ਕਿਉਂਕਿ ਉੱਥੇ ਸਿਰਫ ਕੀਰਤਨ ਦਾ ਰਸ ਹੈ, ਮਾਇਆ ਨ ਰੌਲਾ-ਰੱਪਾ ਅਤੇ ਨਾ ਹੀ ਕਿਸੇ ਖ਼ਾਸ ਵਿਅਕਤੀ ਦੀ ਤਾਰੀਫ਼ਾਂ ਦੇ ਪੁੱਲ ਬੰਨੇ ਜਾਂਦੇ ਹਨ, ਤੇ ਨਾ ਹੀ ਸੰਗਤ ਉੱਠ ਉੱਠ ਕੇ ਮਾਇਆ ਦਿੰਦੀ ਹੈ। ਰਾਗੀ ਸਿੰਘ ਇੱਕ ਮਨ ਹੋ ਕੇ ਸੰਗਤ ਨੂੰ ਗੁਰਬਾਣੀ ਬੜੇ ਸੁਚੱਜੇ ਢੰਗ ਨਾਲ ਪੇਸ਼ ਕਰਦੇ ਹਨ ਹਾਲਾਂਕਿ ਉੱਥੇ ਵੀ ਪ੍ਰਬੰਧ 'ਚ ਸਮੱਸਿਆਵਾਂ ਹਨ, ਜਿਵੇਂ ਕਿ ਦਰਬਾਰ ਵੇਲੇ ਸੰਗਤਾਂ ਦਾ ਹੜ, ਮੱਥਾ ਟੇਕਣ ਜਾਂਦਿਆਂ ਇੱਕ ਹਜੂਮ ਦਾ ਰੂਪ ਅਖਤਿਆਰ ਕਰ ਲੈਂਦਾ ਹੈ ਤਾਂ ਸੰਗਤ ਦਾ ਰਾਗੀ ਸਿੰਘਾਂ ਨਾਲ Eye Contact / Visual Impact ਟੁੱਟ ਜਾਂਦਾ ਹੈ ਤਾਂ ਵੀ ਬਿਰਤੀਆਂ ਉੱਖੜ ਜਾਂਦੀਆਂ ਹਨ ਤੇ ਕਈ ਥਾਈਂ ਸੰਗਤਾਂ ਆਪਸ 'ਚ ਗੱਲਾਂ-ਬਾਤਾਂ ਤੇ ਹਾਲ-ਚਾਲ ਪੁੱਛਣ ਲਗ ਜਾਣ ਕਰਕੇ ਉੱਥੇ ਵੀ ਹੋਰ ਕੀਰਤਨ ਦਰਬਾਰਾਂ ਦੀ ਤਰ੍ਹਾਂ ਹੀ ਮੇਲਾ ਭਰਨ ਲਗ ਗਿਆ ਹੈ, ਫਿਰ ਵੀ ਕੀਰਤਨ ਦਾ ਰਸ ਮਾਣ ਸਕਣ ਦਾ ਮੌਕਾ ਰਾਗੀ ਸਿੰਘ ਵਲੋਂ ਸੇਵਾ ਰਾਹੀਂ ਪ੍ਰਾਪਤ ਹੋ ਸਕਦਾ ਹੈ।

ਬਾਕੀ 'ਨਵੇਂ ਮਿਲੇਨੀਅਮ' (ਹਾਲਾਂਕਿ ਅਕਾਲ ਪੁਰਖ ਦੀ ਫ਼ੌਜ ਨੂੰ ਸਮੇਂ ਦੀ ਮਿਲੇਨੀਅਮ ਤਰਤੀਬ ਅਨੁਸਾਰ ਬੰਨਣਾ ਕੁਝ ਫਬਿਆ ਨਹੀਂ) ਵਿੱਚ ਵੀ ਕੀਰਤਨ ਦਰਬਾਰ ਉਸੇ ਤਰ੍ਹਾਂ ਹੋਣੇ ਚਾਹੀਦੇ ਹਨ- ਜਿਸ ਤਰ੍ਹਾਂ ਦੇ ਸ੍ਰ. ਹਰਜਾਪ ਸਿੰਘ ਔਜਲਾ ਜੀ ਨੇ ਆਪਣੇ ਲੇਖ ਵਿੱਚ ਕਲਮ ਬੰਦ ਕੀਤੇ ਹਨ। ਸਾਨੂੰ ਵੀ ਇਸ ਵਕਤ ਭਾਈ ਸੰਤਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੁਜਾਨ ਸਿੰਘ ਅਤੇ ਭਾਈ ਸੁਰਜਨ ਸਿੰਘ ਵਰਗੇ ਰਾਗੀ ਸਿੰਘ ਪੈਦਾ ਕਰਨੇ ਪੈਣੇ ਹਨ।

ਮੈਨੂੰ ਪੂਰੀ ਆਸ ਹੈ ਕਿ ਰਾਗੀ ਸਿੰਘ ਸਾਹਿਬਾਨ, ਸੰਗਤਾਂ ਦੇ ਪ੍ਰਬੰਧਕ ਮੇਰੇ ਵਿਚਾਰਾਂ ਨੂੰ ਆਪਣਾ Criticism ਹੀ ਨਾ ਸਮਝਣਗੇ ਤੇ ਬੇਨਤੀਆਂ ਦੇ ਤੌਰ ਤੇ ਪ੍ਰਵਾਨ ਕਰਣਗੇ।

ਨਾਲ ਹੀ ਇਹ ਕਿ ਸੰਗਤ ਸਹਿਯੋਗ ਦੇਵੇ ਤੇ ਵਿਸ਼ੇਸ਼ ਕਰ, ਇਹੋ ਜਿਹੇ ਰਾਗੀ ਸਿੰਘਾਂ, ਬੱਚਿਆਂ ਦੇ ਪਰਿਵਾਰਾਂ ਨੂੰ ਪਿਆਰ ਸਤਿਕਾਰ ਦੇਵੇ ਤਾਂ ਕਿ ਇਹ ਲਗਣ ਨਾਲ ਸੇਵਾ ਕਰ ਸਕਣ। ਨਾਲ ਹੀ ਸਿੰਘਾਂ ਸੇਵਾਦਾਰਾਂ ਦੇ ਪਰਿਵਾਰਾਂ ਨੂੰ ਵੀ ਬੇਨਤੀ ਹੈ ਕਿ ਉਹ ਆਪਣੇ ਘਰ ਵਿੱਚ ਬੈਠੇ ਗੁਰੂ ਸੇਵਕਾਂ ਤੇ ਰਾਗੀ ਸਿੰਘਾਂ ਤੋਂ ਪਰਿਵਾਰਕ ਆਸ਼ਾਵਾਂ ਰੱਖਣ ਦੇ ਨਾਲ ਹੀ, ਉਨ੍ਹਾਂ ਨੂੰ ਭਾਵਨਾਤਮਕ ਸਹਿਯੋਗ ਤੇ ਛੋਟ ਵੀ ਦੇਣ ਤਾਂ ਕਿ ਉਹ ਗੁਰੂ ਸੇਵਾ 'ਚ ਪੂਰੇ ਉਤਰਨ ਦੇ ਯੋਗ ਹੋ ਸਕੇ।

ਇਹ ਮੇਰੀ ਬਿਨੈ 'ਅੰਮ੍ਰਿਤ ਕੀਰਤਨ' ਤੇ ਡਾ. ਜਾਗੀਰ ਸਿੰਘ ਜੀ ਰਾਹੀਂ ਸਭ ਤੱਕ ਪੁੱਜਦਾ ਕਰਨ ਲਈ ਮੈਂ ਆਪ ਜੀ ਦਾ ਧੰਨਵਾਦ ਕਰਦੀ ਹਾਂ।

ਜਸਬੀਰ ਕੌਰ (ਸੈਣੀ)
689 ਸੈਕਟਰ 40-ਏ, ਚੰਡੀਗੜ੍ਹ।

**ਤਿੰਨ ਅਨਮੋਲ ਪੁਸਤਕਾਂ**

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ*
*ਅੰਮ੍ਰਿਤ ਕੀਰਤਨ ਟ੍ਰਸਟ, 1246, (1st ਫਲੋਰ)*
*ਸੈਕਟਰ 22 ਬੀ, ਚੰਡੀਗੜ੍ਹ*

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

HOTEL AROMA COMPLEX

HOTEL AROMA COMPLEX
Himalaya Marg, Sector 22-C, Chandigarh 160 022
Phone : 700045-48 Fax : 0172-700051

# ਅਨੰਦ ਕਾਰਜ

## ਸੋਹਿੰਦਰ ਸਿੰਘ ਵਣਜਾਰਾ ਬੇਦੀ

ਸਿੱਖੀ ਰੀਤ ਮਰਯਾਦਾ ਅਨੁਸਾਰ ਹੋਏ ਵਿਆਹ ਨੂੰ 'ਅਨੰਦ ਵਿਆਹ' ਜਾਂ 'ਅਨੰਦ ਕਾਰਜ' ਕਹਿੰਦੇ ਹਨ। ਅਨੰਦ ਦੀ ਰੀਤ ਸਿੱਖਾਂ ਵਿੱਚ ਪੁਰਾਣੀ ਚਲੀ ਆ ਰਹੀ ਹੈ, ਭਾਵੇਂ ਇਸ ਦਾ ਪਹਿਲਾ ਸਰੂਪ ਅੱਜ ਨਾਲੋਂ ਕੁਝ ਵੱਖਰਾ ਸੀ। ਸਿੱਖ ਰਵਾਇਤਾਂ ਅਨੁਸਾਰ ਅਨੰਦ ਵਿਆਹ ਦਾ ਮੁੱਢ ਗੁਰੂ ਅਮਰ ਦਾਸ ਦੇ ਵੇਲੇ ਬੱਝਿਆ ਜਿਨ੍ਹਾਂ ਨੇ ਵਿਆਹ ਦੀ ਇੱਕ ਨਵੀਂ ਗੁਰ-ਮਰਿਯਾਦਾ ਤੋਰੀ ਅਤੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਇਸੇ ਮਰਯਾਦਾ ਅਨੁਸਾਰ 13 ਵਿਸਾਖ ਸੰਮਤ 1610 ਨੂੰ ਕੀਤਾ। ਗੁਰੂ ਅਮਰ ਦਾਸ ਨੇ ਫੇਰਿਆਂ ਦੀ ਜੋ ਵੱਖਰੀ ਰੀਤ ਚਲਾਈ ਉਸ ਦਾ ਕੀ ਸਰੂਪ ਸੀ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਕਿ ਉਦੋਂ ਫੇਰਿਆਂ ਵੇਲੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹ ਲਈਆਂ ਗਈਆਂ ਹੋਣ ਅਤੇ ਅਗਨੀ ਦੁਆਲੇ ਪੰਜ ਫੇਰੇ ਲੈ ਲਏ ਗਏ ਹੋਣ। ਇੱਕ ਹੋਰ ਰਵਾਇਤ ਅਨੁਸਾਰ ਗੁਰੂ ਅਮਰ ਦਾਸ ਕੋਲ ਰੰਧਾਵਾ ਨਾਂ ਦੇ ਇੱਕ ਸਿੱਖ ਨੇ ਬੇਨਤੀ ਕੀਤੀ ਕਿ ਉਸ ਦੀ ਕੰਨਿਆਂ ਦਾ ਵਿਆਹ ਬ੍ਰਾਹਮਣ ਕਰਨ ਨੂੰ ਤਿਆਰ ਨਹੀਂ ਕਿਉਂ ਜੋ ਉਸ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ। ਸਿੱਖਾਂ ਵਿੱਚ ਜਾਤ-ਪਾਤ ਦਾ ਕੋਈ ਭੇਦ ਭਾਵ ਨਹੀਂ ਸੀ ਅਤੇ ਸਭ ਜਾਤੀਆਂ ਇੱਕੋ ਪੰਗਤ ਵਿੱਚ ਲੰਗਰ ਛਕਦੀਆਂ ਸਨ। ਇਹ ਗੱਲ ਬ੍ਰਾਹਮਣਵਾਦ ਉੱਤੇ ਕਰਾਰੀ ਸੱਟ ਮਾਰਦੀ ਸੀ। ਸੋ ਬ੍ਰਾਹਮਣ ਗੁਰ ਸਿੱਖਾਂ ਲਈ ਸਮਾਜਿਕ ਦਿਕਤਾਂ ਪੈਦਾ ਕਰਨੀਆਂ ਚਾਹੁੰਦੇ ਸਨ। ਸੋ, ਰਵਾਇਤ ਅਨੁਸਾਰ ਗੁਰੂ ਅਮਰ ਦਾਸ ਨੇ ਆਪਣੇ ਜਵਾਈ (ਗੁਰੂ) ਰਾਮ ਦਾਸ ਨੂੰ ਉਹ ਵਿਆਹ ਸੰਪੂਰਨ ਕਰਾਉਣ ਲਈ ਭੇਜਿਆ, ਜਿਨ੍ਹਾਂ ਨੇ ਲਾਵਾਂ ਦੀ ਰਚਨਾ ਕਰ ਕੇ ਵਿਆਹ ਦੀ ਨਵੀਂ ਗੁਰ ਮਰਯਾਦਾ ਬੰਨ੍ਹ ਕੇ ਮਠੋ ਮੁਰਾਰੀ ਦਾ ਵਿਆਹ ਭਾਈ ਕਮਾਲੀਆ ਨਾਲ ਕੀਤਾ। ਜਾਪਦਾ ਹੈ ਕਿ ਇਸ ਤੋਂ ਬਾਅਦ ਗੁਰ ਸਿੱਖਾਂ ਵਿੱਚ ਇਸੇ ਰੀਤੀ ਨਾਲ ਵਿਆਹ ਹੋਣ ਲੱਗੇ। ਇੱਕ ਹੋਰ ਰਵਾਇਤ ਅਨੁਸਾਰ ਛੇਵੇਂ ਗੁਰੂ ਦੀ ਕੰਨਿਆਂ ਬੀਬੀ ਵੀਰੋ ਦਾ ਵਿਆਹ ਝਬਾਲ ਵਿੱਚ ਅਨੰਦ ਰੀਤੀ ਨਾਲ ਹੀ ਹੋਇਆ ਤੇ ਉਸ ਤੋਂ ਬਾਅਦ ਅਨੰਦ ਰੀਤੀ ਵਧੇਰੇ ਪ੍ਰਚਲਤ ਹੋ ਗਈ। ਸਿੱਖ ਰਾਜ ਦੇ ਸਮੇਂ ਜਦੋਂ ਅਨੇਕਾਂ ਹਿੰਦੂਆਂ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ ਤਾਂ ਸਿੱਖਾਂ ਵਿੱਚ ਹਿੰਦੂਆਂ ਵਾਲੀਆਂ ਅਨੇਕਾਂ ਰਸਮਾਂ ਰੀਤਾਂ ਦੀ ਪਕੜ ਵਧਦੀ ਗਈ ਅਤੇ ਸਿੱਖਾਂ ਵਿੱਚ ਵੀ ਹਿੰਦੂ ਮਰਯਾਦਾ ਅਨੁਸਾਰ ਵਿਆਹ ਹੁੰਦੇ ਰਹੇ।

ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਬਾਬਾ ਦਿਆਲ ਜੀ ਨੇ ਨਿਰੰਕਾਰੀ ਲਹਿਰ ਚਲਾ ਕੇ ਸਿੱਖਾਂ ਵਿੱਚ ਪੁਨਰ-ਜਾਗ੍ਰਿਤੀ ਲਿਆਉਣ ਦੇ ਉਪਰਾਲੇ ਕੀਤੇ ਜਿਨ੍ਹਾਂ ਵਿੱਚੋਂ ਇੱਕ ਯਤਨ ਅਨੰਦ ਵਿਆਹ ਦੀ ਪੁਨਰ ਸੁਰਜੀਤੀ ਸੀ। ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਵਾਲੇ ਫੇਰੇ ਕੁਝ ਹੱਦ ਤੱਕ ਮੁੜ ਪ੍ਰਚਲਤ ਹੋ ਗਏ। ਮਗਰੋਂ ਨਾਮਧਾਰੀਆਂ ਦੇ ਗੁਰੂ ਬਾਬਾ ਰਾਮ ਸਿੰਘ ਨੇ ਵੀ ਅਨੰਦ ਰੀਤੀ ਨੂੰ ਅਪਣਾਇਆ ਤੇ ਇਸ ਦਾ ਖ਼ੂਬ ਪ੍ਰਚਾਰ ਕੀਤਾ, ਪਰ ਉਨ੍ਹਾਂ ਵਿੱਚ ਹਵਨ-ਕੁੰਡ ਵਰਗਾ ਟੋਇਆ ਪੁੱਟ ਕੇ, ਉਸ ਵਿੱਚ ਅਗਨੀ ਬਾਲਣ ਤੇ ਸੁਗੰਧਿਤ ਸਾਮਗ੍ਰੀ ਜਲਾਉਣ ਦਾ ਰਿਵਾਜ ਰਿਹਾ। ਜਦੋਂ ਸਿੰਘ ਸਭਾ ਨੇ ਸਿੱਖਾਂ ਵਿੱਚ ਵਿੱਚ ਪੁਨਰ-ਜਾਗਰਤੀ ਦੀ ਲਹਿਰ ਚਲਾਈ ਤਾਂ ਅਨੰਦ ਵਿਆਹ ਦੀ ਰੀਤ ਦਾ ਪ੍ਰਚਾਰ ਮੁੜ ਸ਼ੁਰੂ ਹੋਇਆ।

ਵੀਹਵੀਂ ਸਦੀ ਦੇ ਆਰੰਭ ਵਿੱਚ ਅਨੰਦ ਵਿਆਹ ਨੂੰ ਕਾਨੂੰਨੀ ਸ਼ਕਲ ਦੇ ਦਿੱਤੀ ਗਈ। ਨਾਭੇ ਦੇ ਟਿਕਾ ਰਿਪੁਦਮਨ ਸਿੰਘ ਜੋ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਸਨ, ਨੇ 30 ਅਕਤੂਬਰ 1908 ਨੂੰ ਕੌਂਸਲ ਵਿੱਚ ਅਨੰਦ ਵਿਆਹ ਦਾ ਬਿਲ ਪੇਸ਼ ਕੀਤਾ। ਉਸ ਵਿੱਚ ਕੁਝ ਤਬਦੀਲੀਆਂ ਕਰ ਕੇ 22 ਅਕਤੂਬਰ 1909 ਈ: ਨੂੰ ਅਨੰਦ ਵਿਆਹ ਦਾ ਕਾਨੂੰਨ ਪਾਸ ਕਰ ਦਿੱਤਾ ਗਿਆ।

ਅਨੰਦ ਵਿਆਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੰਗਤ ਦੇ ਸਾਹਮਣੇ ਕੀਤਾ ਜਾਂਦਾ ਹੈ। ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ; ਇਸ ਤੋਂ ਬਾਅਦ 'ਕੀਤਾ ਲੋੜੀਏ ਕੰਮ' ਅਤੇ 'ਪਲੇ ਮੈਂ ਤੈਂਡੇ ਲਾਗੀ' ਦੇ ਸ਼ਬਦ ਪੜ੍ਹੇ ਜਾਂਦੇ ਹਨ। ਇਸ ਤੋਂ ਬਾਅਦ ਲਾਵਾਂ ਦਾ ਪਾਠ ਹੁੰਦਾ ਹੈ। ਭਾਈ ਗੁਰੂ ਗ੍ਰੰਥ ਸਾਹਿਬ ਵਿੱਚੋਂ ਪਹਿਲਾਂ ਇੱਕ ਲਾਂਵ ਪੜ੍ਹਦਾ ਹੈ ਜੋ ਵਿਆਹੰਦੜ ਜੋੜੀ ਹਜ਼ੂਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਪੂਰੀ ਕਰਦੀ ਹੈ। ਇਸ ਤਰ੍ਹਾਂ ਵਾਰੋ-ਵਾਰੀ ਚਾਰੇ ਲਾਵਾਂ ਪੜ੍ਹੀਆਂ ਜਾਂਦੀਆਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਹੀ ਪ੍ਰਕਰਮਾ ਲਈਆਂ ਜਾਂਦੀਆਂ ਹਨ। ਪ੍ਰਕਰਮਾ ਸੂਰਜ ਦੀ ਦਿਸ਼ਾ ਵੱਲ ਇਸ ਤਰ੍ਹਾਂ ਲਈਆਂ ਜਾਂਦੀਆਂ ਹਨ ਕਿ ਸੱਜਾ ਪਾਸਾ ਦਰਬਾਰ ਸਾਹਿਬ ਵੱਲ ਰਹੇ। ਮਗਰੋਂ ਅਨੰਦ ਸਾਹਿਬ ਦਾ ਪਾਠ ਪੜ੍ਹ ਕੇ ਅਰਦਾਸ ਕੀਤੀ ਜਾਂਦੀ ਹੈ।

*( ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ )*


**PAGE SPONSORED BY : AHUJA FAMILY**

C-353, Defence Colony New Delhi 110 024

# ਕਰਉ ਬੇਨੰਤੀਆ

ਮੇਰੇ ਇੱਕ ਮਿੱਤਰ ਦੀ ਲੜਕੀ ਦੀ ਸ਼ਾਦੀ ਸੀ। ਉੱਥੇ ਮੈਂ ਕੀਰਤਨ ਕੀਤਾ। ਸੰਗਤ ਵਿੱਚ ਮੇਰਾ ਇੱਕ ਅਧਿਆਪਕ ਬੈਠਾ ਹੋਇਆ ਸੀ। ਮੈਂ ਆਪਣੇ ਇਸ ਅਧਿਆਪਕ ਦੀ ਵਿਦਵਤਾ ਤੋਂ ਕਾਇਲ ਹਾਂ। ਇਸ ਨੇ ਮੈਨੂੰ ਗੁਰਬਾਣੀ ਦੇ ਅਰਥ ਸਮਝਣ ਦੀ ਜਾਂਚ ਸਿਖਾਈ ਸੀ। ਜਦੋਂ ਤੋਂ ਮੈਂ ਇਹ ਜਾਂਚ ਸਿੱਖੀ ਮੇਰੇ ਲਈ ਕੀਰਤਨ ਦੇ ਅਰਥ ਬਦਲ ਗਏ। ਮੇਰੇ ਕੀਰਤਨ ਵਿੱਚ ਇੱਕ ਗੁਣਾਤਮਕ ਤਬਦੀਲੀ ਆ ਗਈ। ਹੁਣ ਜਦੋਂ ਵੀ ਮੌਕਾ ਮਿਲਦਾ ਹੈ ਆਪਣੇ ਇਸ ਅਧਿਆਪਕ ਦੀਆਂ ਗੱਲਾਂ ਸੁਣਨ ਨੂੰ ਆਪਣਾ ਸੁਭਾਗ ਸਮਝਦਾ ਹਾਂ। ਉਸ ਦਿਨ ਅਸੀਂ ਲੜਕੇ-ਲੜਕੀ ਨੂੰ ਸਿੱਖਿਆ ਦੇਣ ਲਈ ਬੇਨਤੀ ਕੀਤੀ। ਉਸ ਨੇ ਜਿਹੜੇ ਵਿਚਾਰ ਪੇਸ਼ ਕੀਤੇ ਉਹ ਬਹੁਮੁੱਲੇ ਹਨ।

ਉਸ ਨੇ ਕਿਹਾ- 'ਇਹ ਜੋ ਗੁਰੂ ਗ੍ਰੰਥ ਸਾਹਿਬ ਦੇ ਇਰਦ ਗਿਰਦ ਚਾਰ ਫੇਰੇ ਲਏ ਹਨ ਇਹ ਕੇਵਲ ਇੱਕ ਰਸਮ ਨਹੀਂ ਹੈ। ਸਗੋਂ ਇਹ ਸਾਡੀ ਤਰਜ਼ੇ ਜਿੰਦਗੀ ਦਾ ਇੱਕ ਨਮੂਨਾ ਹੈ। ਸਾਡੀ ਜ਼ਿੰਦਗੀ ਗੁਰੂ ਗ੍ਰੰਥ ਸਾਹਿਬ ਦੇ ਇਰਦ-ਗਿਰਦ ਰਹਿਣੀ ਚਾਹੀਦੀ ਹੈ, ਤਾਂ ਹੀ ਅਸੀਂ ਸੁਖੀ ਅਤੇ ਸਾਰਥਕ ਜੀਵਨ ਜੀ ਸਕਦੇ ਹਾਂ, ਨਹੀਂ ਤਾਂ ਭਟਕਦੇ ਰਹਾਂਗੇ। ਗੁਰੂ ਗ੍ਰੰਥ ਸਾਹਿਬ ਵਿੱਚ ਦੱਸੀ ਜੀਵਨ ਜਾਂਚ ਸਦਕਾ ਅਸੀਂ ਔਝੜੇ ਨਹੀਂ ਪਵਾਂਗੇ।' ਉਸ ਨੇ ਗੁਰਬਾਣੀ ਦੀਆਂ ਕੁਝ ਤੁਕਾਂ ਦਾ ਉਚਾਰਨ ਵੀ ਕੀਤਾ :

- *ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤ।*
- *ਨਾਨਕ ਫਿਕੈ ਬੋਲੀਐ ਤਨ ਮਨ ਫਿਕਾ ਹੋਇ।*
- *ਸਾਂਝ ਕਰੀਜੈ ਗੁਣਾ ਕੇਰੀ ਛੋਡ ਅਵਗੁਣ ਚਲੀਐ।*
- *ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹਢਾਇ।*

ਉਸ ਦਿਨ ਬਾਦ ਆਪਣਾ ਇਹ ਅਧਿਆਪਕ ਮੈਨੂੰ ਹੋਰ ਚੰਗਾ ਲਗਣ ਲਗ ਪਿਆ ਹੈ। ਮੈਂ ਉਸ ਦੀ ਸਿਹਤਯਾਬੀ ਲਈ ਅਰਦਾਸ ਕਰਦਾ ਹਾਂ। ਗੁਰੂ ਗ੍ਰੰਥ ਸਾਹਿਬ ਪ੍ਰਤੀ ਮੇਰੀ ਸ਼ਰਧਾ ਹੋਰ ਵਧ ਗਈ ਹੈ। ਹੁਣ ਕੀਰਤਨ ਕਰਨਾ ਹੋਰ ਚੰਗਾ ਲਗਦਾ ਹੈ।

ਚੰਡੀਗੜ੍ਹ ਦੇ ਨੇੜੇ ਬੜਾ ਪ੍ਰਸਿੱਧ ਗੁਰਦੁਆਰਾ ਹੈ। ਲੋਕਾਂ ਦੀ ਇਸ ਸਥਾਨ ਤੇ ਬੜੀ ਸ਼ਰਧਾ ਹੈ। ਇਸ ਸਥਾਨ ਤੇ ਅਖੰਡ ਪਾਠ ਕਰਾਉਣ ਨੂੰ ਬੜਾ ਚੰਗਾ ਸਮਝਿਆ ਜਾਂਦਾ ਹੈ। ਇੱਕੋ ਸਮੇਂ ਕਈ-ਕਈ ਅਖੰਡ ਪਾਠ ਹੁੰਦੇ ਰਹਿੰਦੇ ਹਨ। ਇੱਕ ਦਿਨ ਮੈਨੂੰ ਇੱਕ ਮਿੱਤਰ ਪਰਿਵਾਰ ਆਪਣੇ ਨਾਲ ਲੈ ਗਿਆ। ਉਹਨਾਂ ਵਲੋਂ ਰਖਾਏ ਅਖੰਡ ਪਾਠ ਦਾ ਭੋਗ ਪੈਣਾ ਸੀ। ਜਦੋਂ ਅਸੀਂ ਉੱਥੇ ਪਹੁੰਚੇ ਤਾਂ ਮੈਂ ਸਾਹਮਣੇ ਹੀ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਅਤੇ ਪਾਠ ਹੋ ਰਿਹਾ ਸੀ ਮੱਥਾ ਟੇਕਣ ਲੱਗਾ ਤਾਂ ਮੇਰਾ ਮਿੱਤਰ ਬੋਲ ਉੱਠਿਆ- 'ਨਹੀਂ ਡਾਕਟਰ ਸਾਹਿਬ, ਇਹ ਆਪਣਾ ਨਹੀਂ ਆਪਣਾ ਪਾਠ ਤਾਂ ਉਸ ਕੋਨੇ ਵਿੱਚ ਹੋ ਰਿਹਾ ਹੈ।' ਮੈਂ ਹੈਰਾਨ ਜਿਹਾ ਹੋ ਗਿਆ।

ਵਿਦੇਸ਼ ਵਿੱਚ ਇੱਕ ਗੁਰਦੁਆਰਾ ਹੈ। ਇੱਕ ਸ਼ਾਮ ਨੂੰ ਮੇਰਾ ਇਸ ਗੁਰਦੁਆਰੇ ਵਿੱਚ ਕੀਰਤਨ ਸੀ। ਜਦੋਂ ਅਸੀਂ ਗੁਰਦੁਆਰੇ ਪਹੁੰਚੇ ਤਾਂ ਹਾਲੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਸੀ। ਗ੍ਰੰਥੀ ਜੀ ਪੀਹੜਾ ਸਾਹਿਬ ਤਿਆਰ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਉਣ ਗਏ। ਉਹ ਸਰੂਪ ਸਿਰ ਤੇ ਚੁੱਕੀ ਲਿਆ ਰਹੇ ਸਨ ਕਿ ਇੱਕ ਪ੍ਰਧਾਨ ਨੁਮਾ ਆਦਮੀ ਉੱਚੀ ਸਾਰੀ ਬੋਲਿਆ- 'ਓ ਗਿਆਨੀ ਜੀ ਇਹ ਕਿਹੜਾ ਮਹਾਰਾਜ ਚੁੱਕ ਲਿਆਇਐਂ, ਇਹ ਆਪਣਾ ਨਹੀਂ, ਇਹ ਤਾਂ ਐਤਵਾਰ ਵਾਲਿਆਂ ਦਾ ਹੈ। ਆਪਣਾ ਮਹਾਰਾਜ ਤਾਂ ਦੂਜੀ ਅਲਮਾਰੀ ਵਿੱਚ ਹੈ।' ਗ੍ਰੰਥੀ ਜੀ ਦੂਜਾ ਮਹਾਰਾਜ ਲਿਆਉਣ ਲਈ ਉਸੇ ਪੈਰੀਂ ਵਾਪਸ ਮੁੜੇ।

ਬਾਅਦ ਵਿੱਚ ਪਤਾ ਲੱਗਾ ਕਿ ਇਸ ਗੁਰਦੁਆਰਾ ਸਾਹਿਬ ਵਿੱਚ ਕਮੇਟੀ ਦੇ ਦੋ ਧੜੇ ਹੋ ਗਏ ਹਨ। ਲੀਡਰਾਂ ਨੇ ਸੰਗਤਾਂ ਨੂੰ ਵੀ ਦੋ ਫਾੜ ਕਰ ਦਿੱਤਾ ਹੈ। ਮਾਮਲਾ ਅਦਾਲਤ ਤੱਕ ਪਹੁੰਚ ਗਿਆ। ਅਦਾਲਤ ਨੇ ਫ਼ੈਸਲਾ ਦਿੱਤਾ ਕਿ ਇੱਕ ਧੜਾ ਸ਼ਨੀਵਾਰ ਦੀਵਾਨ ਸਜਾ ਲਵੇ ਤੇ ਦੂਜਾ ਧੜਾ ਐਤਵਾਰ ਨੂੰ। ਹੁਣ ਇਹਨਾਂ ਨੇ ਗੁਰੂ ਗ੍ਰੰਥ ਸਾਹਿਬ ਵੀ ਵੱਖਰੇ ਵੱਖਰੇ ਕਰ ਲਏ ਹਨ। ਇਹਨਾਂ ਦਾ ਆਪਣਾ-ਆਪਣਾ ਮਹਾਰਾਜ ਹੈ।

ਵਾਹਿਗੁਰੂ ਸਾਨੂੰ ਸੁਮੱਤ ਬਖਸ਼ੇ।

# ਅੰਮ੍ਰਿਤ ਵੇਲੇ ਦੀ ਸ਼ਾਨ


## ਭਗਵੰਤ ਸਿੰਘ ਦਲਾਵਰੀ

Tapovan, Amravati - 444 602 (Maharashtra)


ਮੈਨੂੰ ਪੂਰਾ ਯਕੀਨ ਹੈ ਕਿ Five Star ਹੋਟਲ ਤਾਂ ਕੀ, ਰਾਜ ਦਰਬਾਰਾਂ ਦੇ ਪ੍ਰੀਤੀਭੋਜ ਵੀ ਉਸ ਸਿੱਖ ਲਈ ਕੋਈ ਅਹਮੀਅਤ ਨਹੀਂ ਰੱਖਦੇ ਤੇ ਫਿੱਕੇ ਪੈ ਜਾਣਗੇ ਉਸ ਰਸ ਅੱਗੇ ਜੋ ਉਹ, ਗੁਰੂ ਨਾਨਕ ਦੇਵ ਜੀ ਦੀ ਕਿਰਪਾ ਸਦਕਾ ਅੰਮ੍ਰਿਤ ਵੇਲੇ ਪ੍ਰਭੂ ਦੇ ਦਰਸ਼ਨਾਂ ਰਾਹੀਂ ਪੀਂਦਾ ਹੈ। ਇਹ ਵੀ ਅਜੀਬ ਗੱਲ ਹੈ ਕਿ ਘਿਨੌਣਾ ਬਲੂਸਟਾਰ ਸਾਕਾ ਕਰ ਕੇ ਇੰਦਰਾ ਗਾਂਧੀ ਇਤਨਾ ਘਬਰਾ ਗਈ ਕਿ ਡਰਦਿਆਂ ਉਹ ਜਲੰਧਰ ਰੇਡੀਓ ਸਟੇਸ਼ਨ ਰਾਹੀਂ ਹਰਿਮੰਦਰ ਸਾਹਿਬ ਤੋਂ ਅੰਮ੍ਰਿਤ ਵੇਲੇ ਗੁਰਬਾਣੀ ਕੀਰਤਨ ਰਿਲੇ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਪੰਜਾਬ ਤੋਂ ਦੂਰ ਰਹਿਣ ਵਾਲਿਆਂ ਲਈ ਰੋਜ਼ ਪ੍ਰਭੂ ਦੇ ਸ਼ਬਦ ਨੂੰ ਇਸ ਤਰ੍ਹਾਂ ਸੁਨਣ -ਜਿਵੇਂ ਕੋਈ ਹਰਮੰਦਰ ਸਾਹਿਬ ਬੈਠ ਕੇ ਸੁਣ ਰਿਹਾ ਹੋਵੇ -ਦਾ ਸੁਭਾਗ, ਕਮਾਲ ਦਾ ਅਨੁਭਾਵ ਹੈ, ਤੇ ਜੇ ਇਹ ਅਨੁਭਵ ਸਾਲ ਦੇ 365 ਦਿਨ ਪ੍ਰਾਪਤ ਹੋਵੇ -ਖ਼ਾਸ ਕਰ ਅੰਮ੍ਰਿਤ ਵੇਲ ਦੇ ਰੱਬੀ ਸਮੇਂ -ਤਾਂ ਜੋ ਕਮਾਲ ਪੈਦਾ ਹੁੰਦੇ ਹੋਣਗੇ ਉਨ੍ਹਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਹਰ ਦਿਨ ਸਿੱਖ ਲਈ ਪ੍ਰੀਤੀਭੋਜ ਹੈ ਤੇ ਇਸ ਭੋਜ ਅੰਦਰ ਉਸਨੂੰ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਹੁੰਦੀ ਹੈ।

ਅੱਜ ਦੇ ਅੰਮ੍ਰਿਤ ਵੇਲੇ ਨੇ ਮੇਰੇ ਸਾਹਮਣੇ ਇੱਕ ਰੂਪ ਰੇਖਾ ਤਿਆਰ ਕਰ ਕੇ ਪੇਸ਼ ਕੀਤੀ ਕਿ ਕਿਵੇਂ ਪ੍ਰਭੂ ਅੱਗੇ ਜਾਈਦਾ ਹੈ ਤੇ ਕਿਵੇਂ ਉਸਨੂੰ ਹਿਰਦੇ ਅੰਦਰ ਵਸਾਈਦਾ ਹੈ। ਅੱਜ ਦੇ ਪਹਿਲੇ ਸ਼ਬਦ ਜੋ ਅਸੀਂ ਅਕਸਰ ਅਪਣੇ ਇੱਕ ਗਰੀਬ (ਪੈਸੇ ਵੱਲੋਂ, ਨਾਮ ਵੱਲੋਂ ਨਹੀਂ) ਸਤਿਸੰਗੀ ਦੀ Five Star ਝੁੱਗੀ ਅੰਦਰ ਪੜ੍ਹਦੇ ਹਾਂ, "ਜਿੱਥੇ ਨਾਮ ਜਪੀਐ ਪ੍ਰਭ ਪਿਆਰੇ" (ਪੰਨਾ 105) ਦਾ ਸਪਸ਼ਟ ਸੰਦੇਸ਼ ਹੈ :

ਜਿੱਥੇ ਵੀ ਨਾਮ ਜਪਿਆ ਜਾਂਦਾ ਹੈ ਉਹ ਹਮੇਸ਼ਾਂ ਰਹਿਣ ਵਾਲੇ ਸੁਨਹਿਰੇ ਮਹੱਲਾਂ ਵਾਲਾ ਅਸਥਾਨ ਹੈ ਤੇ ਜਿੱਥੇ ਨਾਮ ਨਹੀਂ ਜਪਿਆ ਜਾਂਦਾ ਉਹ ਅਸਥਾਨ ਉੱਜੜੇ ਨਗਰ ਵਾਂਗ ਹੈ।"

ਕੁਸ਼ਟ ਰੋਗੀਆਂ ਦੇ ਇਸ ਵਿਸ਼ਾਲ ਸੈਂਟਰ ਅੰਦਰ ਜਦੋਂ ਮੈਂ ਪ੍ਰਭੂ ਤੋਂ ਦੂਰ ਹੁੰਦਾ ਹਾਂ ਤਾਂ ਜਾਪਦਾ ਹੈ ਮੇਰੀ ਧੜਕਨ ਬੰਦ ਹੋ ਗਈ ਹੈ ਤੇ ਗੁਰੂ ਨਾਨਕ ਵਾਂਗ ਇਹ ਅਨੁਭਵ ਹੁੰਦਾ ਹੈ, "*ਏਕ ਲੜੀ ਬਨ ਮਾਹੇ*" (ਪੰਨਾ 243) ਤੇ ਡਰ ਲਗਦਾ ਹੈ ਕਿ ਮੇਰੇ ਅੰਦਰਲਾ ਸ਼ਹਿਰ ਉਜੜ ਜਾਏਗਾ ਜੇ ਮੇਰਾ ਮਾਲਕ ਇਸ ਘਰ ਤੋਂ ਦੂਰ ਰਿਹਾ। ਤੜਪ ਦੀ ਇਸ ਅਵਸਥਾ, ਤੇ ਭਵਿੱਖ ਵਿੱਚ ਕੀ ਹੋਵੇਗਾ, ਦੇ ਡਰ ਵਿੱਚ ਸਾਂ ਕਿ ਰੂਪਰੇਖਾ ਦੇ ਅਗਲੇ ਸ਼ਬਦ, ਜਿਸ ਵਿੱਚ ਸਾਂਝੀਵਾਲਤਾ ਤੇ ਜ਼ੋਰ ਹੈ, ਵਿੱਚੋਂ ਉਮੀਦ ਦੀ ਇੱਕ ਕਿਰਨ ਜਾਗੀ -"ਕੋਈ ਬੋਲੇ ਰਾਮ ਰਾਮ..." (ਪੰਨਾ 885)। ਇਹ ਸਾਂਝੀਵਾਲਤਾ -ਜੋ ਸਿੱਖੀ ਦੀ ਗੌਰਵਸ਼ਾਲੀ ਨਿਸ਼ਾਨੀ ਹੈ -ਮੇਰੇ ਅੰਦਰੋਂ ਪ੍ਰਗਟ ਹੋਣੀ ਚਾਹੀਦੀ ਹੈ। ਸਾਡਾ ਧਾਰਮਿਕ ਤਰੀਕਾ ਦੁਨੀਆ ਦੇ ਸਭ ਤੋਂ ਵੱਧ ਤਰੀਕਿਆਂ 'ਚੋਂ ਇੱਕ ਹੈ, ਪਰ ਇਸ ਦੀ ਨਿਰਾਲੀ ਚਮਕ ਇਹ ਹੈ ਕਿ ਅਸੀਂ ਸਭ ਦੇ ਹਾਂ ਤੇ ਸਾਰੇ ਸਾਡੇ ਹੈਨ। ਮੰਦਭਾਗਾ ਕਿ ਨਾ ਅਸਾਂ ਆਪ ਇਸ ਨੂੰ ਸਮਝਿਆ ਤੇ ਨਾ ਹੀ ਇਸਨੂੰ ਪੇਸ਼ ਕੀਤਾ ਦੁਨੀਆਂ ਅੱਗੇ: ਜੇ ਇੱਕ ਪਾਸੇ ਅਸੀਂ ਕਟੜਪੁਣੇ ਵਿੱਚ ਫਸ ਕੇ ਰਹਿ ਗਏ, ਦੂਜੇ ਪਾਸੇ ਅਸਾਂ ਆਪਣੇ ਵਿਰਸੇ ਤੇ ਗੌਰਵ ਨੂੰ ਨਿੱਜੀ ਸੁਆਰਥ ਤੇ ਮਾਇਆ ਦੇ ਟੁਕੜਿਆਂ ਲਈ ਰੋਲ ਦਿੱਤਾ। ਆਉ ਸ਼ਬਦ ਦੀ ਵੀਚਾਰ ਕਰੀਏ :

"ਕੋਈ ਪ੍ਰਭੂ ਨੂੰ ਰਾਮ-ਰਾਮ ਤੇ ਕੋਈ ਖ਼ੁਦਾ ਕਹਿੰਦਾ ਹੈ, ਕੋਈ ਗੁਸਾਈਂ ਤੇ ਕੋਈ ਅਲਾਹ ਦੇ ਨਾਂ ਨਾਲ ਪੁਕਾਰਦਾ ਹੈ। ਪ੍ਰਭੂ ਹੀ ਕਰਣ ਕਰਾਵਣਹਾਰ ਹੈ, ਕ੍ਰਿਪਾਲੂ ਹੈ ਰਹਿਮਤਾਂ ਕਰਨ ਵਾਲਾ ਹੈ। ਪ੍ਰਭੂ ਦੀ ਭਾਲ ਵਿੱਚ ਹਿੰਦੂ ਤੀਰਥਾਂ ਤੇ ਜਾਂਦੇ ਤੇ ਮੁਸਲਮਾਨ ਹਜ਼ ਕਰਨ ਜਾਂਦੇ ਹਨ, ਕੋਈ ਪੂਜਾ ਤੇ ਕੋਈ ਨਮਾਜ਼ ਕਰਦਾ ਹੈ, ਕੋਈ ਵੇਦ ਤੇ ਕੋਈ ਕੁਰਾਨ ਦਾ ਪਾਠ ਕਰਦਾ ਹੈ। ਹਿੰਦੂ ਸਫ਼ੇਦ ਤੇ ਮੁਸਲਮਾਨ ਨੀਲੇ ਵਸਤ੍ਰ ਧਾਰਨ ਕਰਦੇ ਹਨ, ਕੋਈ ਸੁਵਰਗ ਤੇ ਕੋਈ ਬਹਿਸ਼ਤ ਦੀ ਆਸ ਕਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਤਰੀਕਾ ਕੋਈ ਵੀ ਕਿਉਂ ਨਾ ਹੋਵੇ, ਪ੍ਰਭੂ ਦਾ ਭੇਦ ਤਾਂ ਉਸਨੂੰ ਹੀ ਸਮਝ ਆਏਗਾ ਜੋ ਉਸਦੇ ਹੁਕਮ ਨੂੰ ਪਛਾਣਦਾ ਹੈ।"

ਗੁਰੂ ਅਰਜਨ ਦੇਵ ਜੀ ਸਪਸ਼ਟ ਕਰਦੇ ਹਨ ਕਿ ਕੇਵਲ ਬਾਹਰਲੇ ਲੇਬਲ -ਹਿੰਦੂ, ਮੁਸਲਮਾਨ, ਸਿੱਖ, ਈਸਾਈ ਨਾਲ ਅਸੀਂ ਪ੍ਰਭੂ ਨੂੰ ਨਹੀਂ ਪਾ ਸਕਦੇ, ਜੋ ਵੀ ਪ੍ਰਭੂ ਦੇ ਹੁਕਮਾਂ ਤੇ ਜੀਵਨ ਢਾਲ ਕੇ ਸਚਿਆਰਾ ਬਣੇਗਾ, ਪ੍ਰਭੂ ਉਸਦੇ ਅੰਦਰ ਪ੍ਰਗਟ ਹੋ ਜਾਣਗੇ। ਮੈਂ ਕਈ ਵਾਰ ਸੁਣਦਾ ਹਾਂ ਤੇ ਲਗਪਗ ਹਰ ਥਾਂ ਵੇਖਦਾ ਹਾਂ ਕਿ ਅਸੀਂ ਇਹ ਧਾਰਨਾ ਬਣਾ ਲਈ ਹੈ ਕਿ ਕੇਵਲ ਕੇਸ਼-

ਦਾਹੜੀ ਸਾਬਤ ਸੂਰਤ ਰੱਖਣਾ ਹੀ ਕਾਫ਼ੀ ਹੈ ਸਾਡੇ ਸਿੱਖ ਬਣਨ ਵਿੱਚ। ਪਰ ਇਤਨਾ ਕਾਫ਼ੀ ਨਹੀਂ, ਸਾਨੂੰ ਗੁਰਬਾਣੀ ਅਧਾਰਿਤ ਜੀਵਨ ਬਣਾਉਣਾ ਪਵੇਗਾ, ਪ੍ਰਭੂ ਦਰਬਾਰ ਦੇ ਦਰਸ਼ਨਾਂ ਲਈ ਤੇ ਪ੍ਰਭੂ ਦਾ ਪਿਆਰ ਪਾਉਣ ਲਈ

*"ਫੇਰਿ ਕਿ ਆਗੈ ਰਖੀਐ ਜਿਤੁ ਦਿਸੈ ਦਰਬਾਰੁ॥*
*ਮੁਹੌ ਕਿ ਬੋਲਣ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥"*
... (ਜਪੁਜੀ ਸਾਹਿਬ)

ਤੀਜੇ ਸ਼ਬਦ ਰਾਹੀਂ ਨਾਮਦੇਵ ਜੀ ਨੇ ਇਹ ਯਾਦ ਕਰਾਇਆ ਕਿ ਪੂਰੀ ਤਰ੍ਹਾਂ ਢਹਿ ਕੇ ਅਰਦਾਸਾਂ ਕਰਨੀਆਂ ਜ਼ਰੂਰੀ ਹਨ- *"ਮੋ ਕਉ ਤੂੰ ਨ ਬਿਸਾਰਿ, ਤੂ ਨ ਬਿਸਾਰਿ"* (ਪੰਨਾ 1292)। ਵੇਖੋ ਕਿਤਨੀ ਦੀਨਤਾ ਭਰੀ ਤੇ ਪੂਰਨ ਆਪਾ ਵਾਰੂ ਅਪੀਲ ਹੈ: *"ਮੋਕਉ ਤਾਰਿ ਲੇ ਰਾਮਾ ਤਾਰਿ ਲੇ॥ ਮੈ ਅਜਾਨੁ ਜਨੁ ਤਰਿਬੇ ਨ ਜਾਨਉ, ਬਾਪ ਬੀਠੁਲਾ ਬਾਹ ਦੇ"* (ਪੰਨਾ 873)।

ਚੌਪਈ ਸਾਹਿਬ ਦਾ ਰੋਜ਼ ਨਿਤਨੇਮ ਕਰਦਿਆਂ ਹਾਲਾਂਕਿ ਅਸੀਂ ਜਾਹਿਰਾ ਤੌਰ ਤੇ ਇਹ ਬੇਨਤੀ ਕਰਦੇ ਹਾਂ- *"ਹਮਰੀ ਕਰੋ ਹਾਥ ਦੇ ਰੱਛਾ॥ ਪੂਰਨ ਹੋਇ ਚਿਤ ਕੀ ਇੱਛਾ॥ ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਤਿਪਾਰਾ॥ ... ਪੂਰਨ ਹੋਇ ਹਮਾਰੀ ਆਸਾ॥ ਤੋਰ ਭਜਨ ਕੀ ਰਹੈ ਪਿਆਸਾ॥"* -ਪਰ ਕੀ ਇਹ ਬੇਨਤੀ ਸਾਡੇ ਅੰਦਰੋਂ ਨਿਕਲਦੀ ਹੈ? ਜੇ ਮੰਨਦੇ ਹੁੰਦੇ ਤਾਂ ਜ਼ਰੂਰ ਉਦਮ ਕਰਦੇ (ਅਪਨੇ ਹਿਤ ਲਈ) ਕਿ ਗੁਰਬਾਣੀ ਜੀਵੀਏ ਤਾਂ ਜੋ ਨਾਮਦੇਵ ਜੀ ਵਾਂਗ ਸਾਨੂੰ ਵੀ ਇਹ ਯਕੀਨ ਹੋ ਜਾਏ ਕਿ ਪ੍ਰਭੂ ਦੀ ਮਦਦ ਕਈਆਂ ਨੂੰ ਮਿਲੀ ਹੈ ਫਿਰ ਸਾਨੂੰ ਕਿਉਂ ਨਾ ਮਿਲੇਗੀ?

ਅੱਜ ਦੀ ਰੂਪਰੇਖਾ ਦਾ ਚੋਥਾ ਪੱਖ ਅਗਲੇ ਸ਼ਬਦ, *"ਕੂਪ ਭਰਿਓ ਜੈਸੇ ਦਾਇਰਾ..."* (ਪੰਨਾ 346) ਰਾਹੀਂ ਸਾਹਮਣੇ ਆਇਆ ਜਿਸ ਵਿੱਚੋਂ ਮੇਰੀ ਮਾਇਆਧਾਰੀ ਸੋਚ ਉਜਾਗਰ ਹੋਈ: *"ਕੂਪ ਭਰਿਓ ਜੈਸੇ ਦਾਇਰਾ ਕਛੁ ਦੇਸੁ ਬਿਦੇਸੁ ਨ ਬੂਝ॥ ਐਸੇ ਮੇਰਾ ਮਨ ਬਿਖਿਆ ਬਿਮੋਹਿਆ, ਕੁਛ ਆਰਾ ਪਾਰੁ ਨ ਸੂਝ॥ ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥"* ਜੋ ਆਪਣੀ ਇਹ ਅਸਲੀਅਤ ਸਾਡਾ ਮਨ ਮੰਨ ਲਵੇ ਤਾਂ ਉਮੀਦ ਹੈ ਸਾਡੇ ਲਈ- *"ਮਲਿਨ ਭਈ ਮਤਿ ਮਤ ਮਾਧਵਾ ਤੇਰੀ ਗਤਿ ਲਖੀਨ ਨ ਜਾਇ॥ ਕਰਹੁ ਕ੍ਰਿਪਾ ਭ੍ਰਮ ਚੂਕਈ ਮੈ ਸੁਮਤਿ ਦੇਹੁ ਸਮਝਾਇ॥"* ਸੁ ਜਦੋਂ ਇਹ ਚੌਥਾ ਪੱਖ- ਆਪਣੇ ਕੁਝ ਨਾ ਹੋਣ ਦਾ ਅਹਿਸਾਸ- ਸਾਡਾ ਜੀਵਨ ਬਣ ਜਾਂਦਾ ਹੈ ਤਾਂ ਆਸ ਬਝਦੀ ਹੈ ਕਿ ਰਹਿਮਤਾਂ ਦੇ ਮਾਲਕ ਪ੍ਰਭੂ ਦਾ ਦਾਨ ਪ੍ਰਾਪਤ ਹੋ ਜਾਏ।

ਅੰਤ ਵਿੱਚ, ਅੱਜ ਦਾ ਵਾਕ, ਇਸ ਰੂਪਰੇਖਾ ਨੂੰ ਪੂਰਨਤਾ ਪ੍ਰਦਾਨ ਕਰਦਾ ਹੈ- "ਸੁਖ ਪਾਇਓ ਦਿਨ ਰਾਤਿ॥ (ਪੰਨਾ 681)

ਸ਼ਬਦ ਸ਼ੁਰੂ ਹੁੰਦਾ ਹੈ, "ਛਡਾਇ ਲੀਓ ਮਹਾਬਲੀ ਤੇ ਅਪਨੇ ਚਰਨ ਪਰਾਉ॥ ਏਕੁ ਨਾਮੁ ਦੀਓ ਮਨ ਮੰਤਾ, ਬਿਲਸਿ ਨ ਕਤਹੂ ਜਾਤਿ॥ ... ਨਾਨਕ ਚਰਨ ਗਹੇ ਪ੍ਰਭ ਆਪਨੇ, ਸੁਖ ਪਾਇਓ ਦਿਨ ਰਾਤਿ॥

ਆਉ ਰੰਗ ਮਾਣੀਏ, ਰਸ ਪੀਵੀਏ ਤੇ ਅੰਦਰ ਪ੍ਰਭੂ ਦੀ ਹਜ਼ੂਰੀ ਮਾਣਦਿਆਂ ਇਸ ਸ਼ਬਦ ਦੀ ਮਿਠਾਸ ਹਮੇਸ਼ਾਂ ਲਈ ਆਪਣੇ ਅੰਦਰ ਵਸਾ ਲਈਏ।

"ਪ੍ਰਭੂ ਨੇ ਕਿਰਪਾ ਕੀਤੀ, ਅਪਣੇ ਚਰਨਾਂ ਦਾ ਨਿੱਘ ਪ੍ਰਦਾਨ ਕਰ ਕੇ ਮੈਨੂੰ ਇਸ ਮਹਾਬਲੀ ਮਾਇਆ ਦੇ ਜਾਲ ਚੋਂ ਛੁਡਵਾ ਲਿਆ। ਵਾਹਿਗੁਰੂ ਨੇ ਆਪਣੀ ਕਿਰਪਾ ਦੇ ਪ੍ਰਤੀਕ ਨਾਮ ਨੂੰ ਮੇਰੇ ਹਿਰਦੇ ਵਿੱਚ ਵਸਾ ਦਿੱਤਾ, ਹੁਣ ਤਾਂ ਮੈਂ ਉਸਨੂੰ ਵਿਸਾਰ ਨਹੀਂ ਸਕਦਾ, ਪੂਰੇ ਗੁਰੂ ਨੇ ਮੈਨੂੰ ਪੂਰੀ ਦਾਤ ਬਖ਼ਸ਼ੀ ਹੈ। ਹੋਰ ਕਿਰਪਾ ਕਰਦਿਆਂ ਪ੍ਰਭੂ ਨੇ ਕੀਰਤਨ ਦੀ ਦਾਤ ਮੇਰੀ ਝੋਲੀ ਵਿੱਚ ਪਾਈ ਜਿਸ ਰਾਹੀਂ ਮੇਰੀ ਗਤਿ ਹੋ ਗਈ (ਮੈਂ ਆਪਣੇ ਆਪਨੂੰ ਪਛਾਣਨ ਵਿੱਚ ਸਫਲ ਹੋ ਸਕਿਆ) ਪ੍ਰਭੂ ਨੇ ਮੈਨੂੰ ਆਪਣਾ ਬਣਾ ਲਇਆ, ਉਸਦਾ ਸੇਵਕ ਹੋਣ ਦੀ ਮੇਰੀ ਪਤਿ ਰਹਿ ਗਈ। ਗੁਰੂ ਸਾਹਿਬ ਆਖਦੇ ਹਨ ਕਿ ਹੁਣ ਤਾਂ ਮੈਂ ਪ੍ਰਭੂ ਦੇ ਚਰਣਾਂ ਨਾਲ ਚਮੁਟਿਆ ਰਹਿੰਦਾ ਹਾਂ ਤੇ ਇਸ ਤਰ੍ਹਾਂ ਸਦਾ ਲਈ ਸੁਖੀ ਹੋ ਗਿਆ ਹਾਂ।" ☬

**ਅੰਮ੍ਰਿਤ ਕੀਰਤਨ** ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।


**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ
ਲੁਧਿਆਣਾ - 141 002

# ਤਿਨ ਕੀ ਸੰਗਤਿ ਖੋਜ ਭਇਆ


## ਪ੍ਰੋ. ਬਲਵਿੰਦਰ ਸਿੰਘ

658-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ


ਗੁਰਸਿੱਖ ਖੋਜੀ ਪ੍ਰਵਿਰਤੀ ਵਾਲਾ ਪੁਰਖ ਹੈ। ਗੁਰੂ ਪਾਤਸ਼ਾਹ ਨੇ ਵੀ ਖੋਜ ਦਾ ਬੜਾ ਮਹੱਤਵ ਦੱਸਿਆ ਹੈ। ਪਿਤਾ ਅਕਾਲ ਪੁਰਖ ਵੀ ਖੋਜੀ ਹੈ।

ਸੁਰ ਨਰ, ਮੁਨ ਜਨ ਤੇ ਦੇਵਤੇ ਵੀ ਖੋਜ ਵਿੱਚ ਲੱਗੇ ਹੋਏ ਹਨ। ਵਿਗਿਆਨੀ ਵੀ ਦਿਨ ਰਾਤ ਕਿਸੇ ਖੋਜ ਵਿੱਚ ਰੁਝੇ ਹੋਏ ਹਨ। ਜੀਵ ਜੰਤੂ, ਪੰਖੀ ਪੰਖੇਰੂ, ਜਾਨਵਰ, ਚੁਪਾਏ ਸਭ ਹੀ ਕਿਸੇ ਨਾ ਕਿਸੇ ਖੋਜ ਵਿੱਚ ਲੱਗੇ ਹੋਏ ਹਨ। ਸਭਨਾਂ ਦਾ ਮੰਤਵ ਇੱਕੋ ਹੀ ਹੈ ਕਿ ਆਪਣੇ ਆਪ ਨੂੰ ਸੁਖੀ ਕੀਤਾ ਜਾਏ।

ਖੋਜਣ ਵਾਲਿਆਂ ਨੇ ਖੋਜ ਖੋਜ ਕੇ ਇਤਨੀਆਂ ਕਾਢਾਂ ਕੱਢੀਆਂ ਹਨ ਕਿ ਮਨੁੱਖ ਇਹਨਾਂ ਖੋਜ ਦੀਆਂ ਉਪਲਬਧੀਆਂ ਵਿੱਚ ਗੁਆਚ ਕੇ ਹੀ ਰਹਿ ਗਿਆ ਹੈ। ਖੋਜਣ ਵਾਲੀ ਵਸਤ ਤਾਂ ਖੋਜੀ ਹੀ ਨਹੀਂ ਗਈ। ਖੋਜਣਾ ਇਸ ਦਿਲ ਨੂੰ ਹੈ, ਆਪਣੇ ਅੰਦਰਲੇ ਤੇ ਅੰਤਰ ਆਤਮਾ ਨੂੰ। ਫਿਰ ਮਨੁੱਖ ਨੂੰ ਪਤਾ ਲੱਗੇਗਾ ਕਿ ਜੋ ਕੁਝ ਮੈਂ ਖੋਜਿਆ ਹੈ ਉਹ ਤਾਂ ਮੇਰੇ ਖਾਤਮੇ ਤੇ ਤਬਾਹੀ ਦਾ ਕਾਰਨ ਬਣ ਚੁੱਕਿਆ ਹੈ। ਗੁਰਬਾਣੀ ਦਾ ਆਦੇਸ਼ ਹੈ ਕਿ ਇਸ ਮਨ ਤੇ ਤਨ ਨੂੰ ਖੋਜਿਆ ਜਾਏ। ਹੁਕਮ ਹੈ :

*ਹਉ ਮਨੁ ਤਨੁ ਖੋਜੀ ਭਾਲਿ ਭਾਲਾਈ॥*
*ਕਿਉ ਪਿਆਰਾ ਪ੍ਰੀਤਮ ਮਿਲੈ ਮੇਰੀ ਮਾਈ॥*
*ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ*
*ਸੰਗਤਿ ਹਰਿ ਪ੍ਰਭੁ ਵਸੈ ਜੀਉ॥*

(ਮਾਝ ਮਹਲਾ 4)

ਜੋ ਖੋਜਣਾ ਸੀ ਉਹ ਖੋਜਿਆ ਹੀ ਨਹੀਂ ਗਿਆ ਜਾਂ ਬਹੁਤ ਘੱਟ ਖੋਜਿਆ ਗਿਆ। ਇਸ ਤਨ ਵਿੱਚੋਂ ਮਨ ਕੋਈ ਵਿਰਲਾ ਗੁਰਮੁਖ ਹੀ ਵੇਖਦਾ ਹੈ ਤੇ ਇਹੀ ਹੈ ਅਸਲ ਖੋਜ ਦਾ ਵਿਸ਼ਾ। ਇਸ ਪ੍ਰਕਾਰ ਅਕਾਲ ਪੁਰਖ ਦੇ ਜਹੂਰ ਦਾ ਚਾਨਣ ਦਿਸ ਆਉਂਦਾ ਹੈ। ਗੁਰੂ ਰਾਮਦਾਸ ਜੀ ਪੁੱਛ ਕਰਦੇ ਹਨ, ਕਿ ਪਿਆਰਾ ਪ੍ਰੀਤਮ ਕਿਸ ਕਿਸ ਤਰ੍ਹਾਂ ਮਿਲੇਗਾ, ਨਾਲ ਹੀ ਫੁਰਮਾਉਂਦੇ ਹਨ ਕਿ ਇਸ ਦਾ ਸਭ ਤੋਂ ਉੱਤਮ ਤਰੀਕਾ ਸਾਧ ਸੰਗਤ ਦੀ ਟੇਕ ਲੈਣਾ ਹੈ, ਕਿਉਂਕਿ ਸੰਗਤ ਵਿੱਚ ਹਰਿ ਪ੍ਰਭ ਵਸਦਾ ਹੈ। ਇਸੇ ਵਿਧੀ ਦੀ ਦਾਤ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਦਿੱਤੀ।

ਗੁਰੂ ਨਾਨਕ ਦੇਵ ਜੀ ਦੀ ਖੋਜੀ ਆਤਮਾ ਨੂੰ ਬਹੁਤ ਵਡਿਆਉਂਦੇ ਤੇ ਸਲ੍ਹਾਉਂਦੇ ਹਨ। ਆਪ ਜੀ ਦਾ ਹੁਕਮ ਹੈ ਕਿ ਸੇਵਾ ਨਾਲ ਸੁਰਤ ਸਵੱਛ ਮਜ਼ਬੂਤ ਹੁੰਦੀ ਹੈ, ਜੀਵਨ ਦੇ ਰਹੱਸ ਦਾ ਗਿਆਨ, ਪ੍ਰਾਪਤ ਹੋ ਜਾਂਦਾ ਹੈ। ਗੁਰਸਿੱਖ ਗੁਰਮੁਖ ਅਕਾਲ ਪੁਰਖ ਦੇ ਗਿਆਨ ਦਾ ਵੀਚਾਰ ਕਰਦੇ ਹਨ।

*ਸੇਵਾ ਸੁਰਤਿ ਰਹਸਿ ਗੁਣ ਗਾਵਾ*
*ਗੁਰਮੁਖਿ ਗਿਆਨੁ ਬੀਚਾਰਾ॥*
*ਖੋਜੀ ਉਪਜੈ ਬਾਦੀ ਬਿਨਸੈ*
*ਹਉ ਬਲਿ ਬਲਿ ਗੁਰ ਕਰਤਾਰਾ॥*

(ਰਾਗ ਚੌਪਦੇ ਮਲਾਰ ਮਹਲਾ 1)

ਖੋਜ ਕਰਨ ਵਾਲਾ ਗੁਰਸਿੱਖ ਮਾਨ ਪ੍ਰਾਪਤ ਕਰਦਾ ਹੈ। ਉਸਦੀ ਗੱਲ ਵਿਸ਼ੇਸ਼ ਮਹੱਤਵ ਰੱਖਦੀ ਹੈ। ਕਿਉਂਕਿ ਉਹ ਬੇਲੋੜੇ ਵਾਦ ਵਿਵਾਦ ਵਿੱਚ ਨਹੀਂ ਪੈਂਦਾ ਅਤੇ ਉਹ ਇੱਕ ਤਕੜੀ ਹਾਂ ਪੱਖੀ ਵਿਚਾਰਧਾਰਾ ਵਾਲਾ ਹੁੰਦਾ ਹੈ, ਜੋ ਨਿਮਰਤਾ ਵਿੱਚ ਰਹਿ ਕੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦਾ ਹੈ।

ਗੁਰਸਿੱਖ ਤੱਤ ਨੂੰ ਖੋਜਦਾ ਹੈ ਇਸ ਦੀ ਜਾਂਚ ਉਹ ਸੰਗਤ ਅਤੇ ਗੁਰੂ ਪਾਸੋਂ ਸਿੱਖਦਾ ਹੈ। ਬੜੀ ਸੁਆਦਲੀ ਗੱਲ ਹੈ ਕਿ ਜਿੱਥੇ ਗੁਰਸਿੱਖ ਤੇ ਗੁਰੂ ਪਾਤਸ਼ਾਹ ਖੋਜੀ ਹਨ, ਉੱਥੇ ਗੋਬਿੰਦ ਪ੍ਰੀਤਮ ਵੀ ਖੋਜੀ ਹੈ। ਹੁਕਮ ਹੈ :

*ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ*
*ਹਰਿ ਪ੍ਰਭੁ ਮੇਰਾ ਚੋਜੀ ਜੀਉ॥*
*ਹਰਿ ਆਪੇ ਕਾਨ੍ਹ ਉਪਾਇਦਾ ਮੇਰੇ ਗੋਵਿੰਦਾ*
*ਹਰਿ ਆਪੇ ਗੋਪੀ ਖੋਜੀ ਜੀਉ॥*

(ਗਉੜੀ ਮਾਝ ਮਹਲਾ 4)

ਚੋਜੀ ਪ੍ਰੀਤਮ ਗੋਬਿੰਦ ਅਕਾਲ ਪੁਰਖ ਖੋਜੀ ਹੈ। ਉਹ ਕਿਰਪਾ ਕਰਕੇ ਕੁਝ ਬਖ਼ਸ਼ੀਆਂ ਹੋਈਆਂ ਰੂਹਾਂ ਨੂੰ ਖੋਜ ਲੈਂਦਾ ਹੈ ਅਤੇ ਉਹਨਾਂ ਦੇ ਅੰਦਰ ਗਿਆਨ ਦਾ ਪ੍ਰਕਾਸ਼ ਕਰ ਦੇਂਦਾ ਹੈ। ਉਸ ਅਕਾਲ ਪੁਰਖ ਨੇ ਹੀ ਸਭ ਸ੍ਰਿਸ਼ਟ ਸਾਜੀ ਹੈ ਤੇ ਉਸੇ ਨੇ ਹੀ ਕਾਨ੍ਹ ਕ੍ਰਿਸ਼ਨ ਉਪਾਇਆ ਹੈ। ਜਿਸ ਤਰ੍ਹਾਂ ਕਾਨ੍ਹਾ ਗੋਪੀਆਂ ਨੂੰ ਖੋਜ ਲੈਂਦਾ ਹੈ ਇਸੇ ਤਰ੍ਹਾਂ ਅਕਾਲ ਪੁਰਖ ਗੁਰਸਿੱਖਾਂ ਨੂੰ ਖੋਜ ਕੇ ਨਾਮ ਧੰਨ ਨਾਲ ਮਾਲਾ-ਮਾਲ ਕਰ ਦੇਂਦਾ ਹੈ।

ਬਹੁਤੀਆਂ ਖੋਜਾਂ ਕਰਨ ਵਾਲੇ ਖੋਜੀ ਸਰੀਰਕ ਸੁੱਖਾਂ ਦੇ

ਲਈ ਹੀ ਪ੍ਰਯਤਨਸ਼ੀਲ ਰਹਿੰਦੇ ਹਨ। ਗੁਰਮਤਿ ਦੀ ਵਿਲੱਖਣਤਾ ਇਹ ਹੈ ਕਿ ਉਹ ਆਤਮਿਕ ਸੁਖ ਦੀ ਖੋਜ ਨੂੰ ਵਡਿਆਉਂਦੀ ਹੈ। ਮਨੁੱਖ ਨੂੰ ਸਾਰੇ ਦੁਨਿਆਵੀ ਸੁਖ ਉਪਲਬਧ ਹੋਣ ਦੇ ਬਾਵਜੂਦ ਵੀ ਅੰਦਰ ਇੱਕ ਅਜੀਬ ਜਿਹੀ ਖੋਹ ਪੈਂਦੀ ਰਹਿੰਦੀ ਹੈ ਤੇ ਇੰਝ ਲਗਦਾ ਹੈ, ਕੁਝ ਘੱਟ ਹੈ, ਕੁਝ ਹੋਰ ਚਾਹੀਦਾ ਹੈ। ਅਜਿਹੀ ਦਸ਼ਾ ਵਿੱਚ ਪੂਜਣ ਤੇ ਬਹੁਤੇ ਲੋਕ ਹੋਰ ਮਾਇਆ ਤੇ ਹੋਰ ਪਦਾਰਥਾਂ ਮਗਰ ਭੱਜਦੇ ਹਨ। ਕੁਝ ਕੁ ਉੱਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਤੇ ਉਹ ਤੱਤ ਨੂੰ ਖੋਜਣ ਲਈ ਤੱਤਪਰ ਹੋ ਜਾਂਦੇ ਹਨ। ਤੱਤ ਨੂੰ ਵਿਚਾਰਦੇ ਹਨ ਅਤੇ ਲੋੜੀਂਦੀ ਦਾਤ ਉਹਨਾਂ ਨੂੰ ਪ੍ਰਾਪਤ ਹੋ ਜਾਂਦੀ ਹੈ। ਹੁਕਮ ਹੈ :

*ਜੋ ਮਾਂਗਹਿ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*
*ਜਨਮ ਮਰਣ ਦੁਹਹੂ ਤੇ ਛੂਟਹਿ*
*ਭਵਜਲੁ ਜਗਤੁ ਤਰਾਇਣੁ॥*
*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣੁ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥*

(ਟੋਡੀ ਮਹਲਾ 5)

ਆਮ ਕਰਕੇ ਮਨੁੱਖ ਦੁਨਿਆਵੀ ਸੁੱਖਾਂ ਤੇ ਭੌਤਿਕ .... ਪਿੱਛੇ ਹੀ ਲੱਗਾ ਹੋਇਆ ਹੈ। ਇਸ ਗੱਲ ਨੂੰ ਬਹੁਤ ਘੱਟ ਖੋਜੀ ਸਮਝ ਪਾਏ ਹਨ ਕਿ, "ਸਭ ਸੁਖ ਦਾਤਾ ਰਾਮ ਹੈ" ਅਤੇ ਰਾਮ ਰਸਾਇਣ ਦੀ ਪ੍ਰਾਪਤੀ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਜੋ ਮਨੁੱਖ ਚਾਹੁੰਦਾ ਹੈ ਉਹ ਮਿਲ ਜਾਂਦਾ ਹੈ। ਵਾਹਿਗੁਰੂ ਕਿਰਪਾ ਕਰਕੇ ਬਖ਼ਸ਼ਿਸ਼ਾਂ ਕਰਦਾ ਹੈ ਤੇ ਜੇ ਦਾਤਾਂ ਪ੍ਰਾਪਤ ਹੋਣ ਤੋਂ ਬਾਅਦ ਦਾਤਾਰ ਨੂੰ ਹੀ ਵਿਸਾਰ ਦਿੱਤਾ ਤਾਂ ਇਹ ਵਸਤਾਂ ਦੁਖਦਾਈ ਹੋ ਜਾਂਦੀਆਂ ਹਨ। ਇਸੇ ਦਾ ਹੀ ਜ਼ਿਕਰ ਪਾਤਸ਼ਾਹ ਗੁਰੂ ਰਾਮਦਾਸ ਜੀ ਕਰ ਰਹੇ ਹਨ ਕਿ ਅਸੀਂ ਵਾਹਿਗੁਰੂ ਤੋਂ ਜੋ ਮੰਗਦੇ ਹਾਂ ਉਹ ਸਾਨੂੰ ਦੇਂਦਾ ਹੈ। ਵਸਤਾਂ ਦੀ ਪ੍ਰਾਪਤੀ ਤੋਂ ਬਾਅਦ ਸਭਨੀ ਥਾਈਂ ਰਵਿ ਰਹੇ ਰਸੀਲੇ ਰਾਮ ਦੇ ਸੁਖਦਾਈ ਤੇ ਮਿੱਠੇ ਚਰਨ ਸਾਨੂੰ ਸਹੀ ਪਾਸੇ ਲੈ ਜਾਣਗੇ। ਹੁਣ ਤਰ੍ਹਾਂ ਤਰ੍ਹਾਂ ...ਈਆਂ ਖੋਜਾਂ ਨਾਲ ਪ੍ਰਾਪਤ ਕੀਤੀਆਂ ਹੋਈਆਂ ਵਸਤਾਂ ... ਗਲੇ ਦਾ ਗਲਾਵਾਂ ਮਣਨਗੀਆਂ ਅਤੇ ਨਾ ਹੀ ...ਆਂ ਦੀ ਫਾਹੀ ਗਲ ਵਿੱਚ ਪਵੇਗੀ। ਜਨਮ ਮਰਨ ਦਾ ...ਮ ਵੀ ਨਿਰਵਿਰਤ ਹੋ ਜਾਇਗਾ ਅਤੇ ਅਸੀਂ ਭਵਸਾਗਰ ਤੋਂ ਪਾਰ ਹੋ ਜਾਵਾਂਗੇ ਤੇ ਜੀਵਨ ਸਫਲ ਹੋ ਜਾਏਗਾ।

ਖੋਜੀ ਗੁਰੂ ਦੇ ਖੋਜੀ ਗੁਰਸਿੱਖ ਤੱਤ-ਬਾਤ ਨੂੰ ਵਿਚਾਰ ਕੇ ਇਸ ਨਿਰਣੇ ਤੇ ਪੁੱਜੇ ਕਿ ਅਸੀਂ ਗੁਰੂ ਕਿਰਪਾ ਦੁਆਰਾ ਗੋਬਿੰਦ ਦੇ ਦਾਸ ਬਣ ਕੇ, ਅਨੁਸਾਸ਼ਨ ਵਿੱਚ ਰਹਿੰਦਿਆਂ, ਕੁਦਰਤ ਦਾ ਸਤਿਕਾਰ ਕਰਕੇ ਨਾਰਾਇਣ ਦੇ ਪਰਾਇਣ ਹੋਣਾ ਹੈ, ਭਾਵ ਹਵਸਾਂ ਦੇ ਸ਼ਿਕਾਰ ਹੋ ਕੇ ਅੰਨੇ ਹੋ ਭੋਗਾਂ ਨੂੰ ਇਸ ਤਰ੍ਹਾਂ ਨਹੀਂ ਭੋਗਣਾ ਕਿ ਇਹ ਇਕੱਤਰ ਕੀਤੇ ਹੋਏ ਸੁੱਖ ਹੀ ਸਾਡੇ ਦੁੱਖਾਂ ਦਾ ਕਾਰਨ ਬਣ ਜਾਣ। ਥੋੜੇ ਸਮੇਂ ਲਈ ਪ੍ਰਾਪਤ ਇਹ ਸੁਖ ਨਾਸ਼ਵਾਨ ਹਨ, ਅਬਿਨਾਸੀ ਨਹੀਂ। ਜੇ ਅਸੀਂ ਅਬਿਨਾਸੀ ਸੁਖ ਦੀ ਖੋਜ ਵਿੱਚ ਹਾਂ ਤੇ ਅਸੀਂ ਉਸ ਸੁਖ ਦੇ ਚਾਹਵਾਨ ਹਾਂ ਤਾਂ ਫਿਰ ਅਕਾਲ ਪੁਰਖ ਨਾਰਾਇਣ ਨੂੰ ਕਦੀ ਨਹੀਂ ਭੁੱਲਣਾ ਚਾਹੀਦਾ। ਸਦਾ ਹੀ ਉਸਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।

ਇਸ ਮਹਾਨ ਸਿਧਾਂਤ ਦੀ ਭਾਵਨਾ ਸਾਨੂੰ ਗੁਰੂ ਨਾਨਕ ਦੇਵ ਜੀ ਨੇ ਸਮਝਾਈ ਹੈ। ਉਹਨਾਂ ਦਾ ਆਪਨਾ ਜੀਵਨ ਤੇ ਉਹਨਾਂ ਦੀ ਖੋਜ ਸਾਡੇ ਲਈ ਚਾਨਣ ਮੁਨਾਰਾ ਹੈ। ਪਾਤਸ਼ਾਹ ਨੇ ਸਾਰੀ ਦੁਨੀਆਂ ਤੇਨੂੰ ਖੰਡ ਪ੍ਰਿਥਵੀ ਨੂੰ ਆਪਨੇ ਚਰਨਾਂ ਦੀ ਛੋਹ ਬਖਸ਼ੀ ਹੈ। ਬਾਬਾ ਜੀ ਆਖਦੇ ਹਨ ਕਿ ਜਿੰਨਾਂ ਨੇ ਇਸ ਰਾਮ ਰਸਾਇਣ ਨੂੰ ਚੱਖਿਆ ਹੈ ਮੈਂ ਉਹਨਾਂ ਦੀ ਖੋਜ ਕਰਨ ਲਈ ਘਰੋਂ ਨਿਕਲਿਆ ਹਾਂ ਤਾਂ ਜੋ ਉਹਨਾਂ ਨੂੰ ਕੱਠਿਆਂ ਕਰਕੇ ਉਹਨਾਂ ਦੀ ਸੰਗਤਿ ਬਣਾਈ ਜਾਏ ਤੇ ਉਹਨਾਂ ਦੀ ਸੰਗਤ ਬਣਾਈ ਜਾਣ ਤੇ ਉਹਨਾਂ ਗੁਰਮੁਖ ਪਿਆਰਿਆਂ ਦੀ ਸੰਗਤ ਵਿੱਚ ਹੀ ਰਿਹਾ ਜਾਏ। ਹੁਕਮ ਹੈ :

*ਜਿਨਿ ਏਹੁ ਚਾਖਿਆ ਰਾਮ ਰਸਾਇਣੁ*
*ਤਿਨ ਕੀ ਸੰਗਤਿ ਖੋਜੁ ਭਇਆ॥*
*ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ*
*ਮੁਕਤਿ ਪਦਾਰਥ ਸਰਣਿ ਪਇਆ॥*

ਸਾਰਾ ਜਗਤ ਇਸੇ ਖਲਜਗਨ ਵਿੱਚ ਪਿਆ ਹੋਇਆ ਹੈ। ਕੁਝ ਆਖਦੇ ਹਨ ਰਿਧ, ਸਿਧ ਪ੍ਰਾਪਤ ਹੋ ਜਾਏ। ਰਿਧੀ ਦਾ ਮਤਲਬ ਹੈ ਜੋ ਮੇਰੇ ਰਿੰਦ ਵਿੱਚ ਹੈ ਉਹ ਪੂਰਾ ਹੋ ਜਾਏ। ਸਿਧੀ ਦਾ ਮਤਲਬ ਹੈ ਜਿਹੜਾ ਕਾਰਜ ਮੈਂ ਚਾਹਾਂ ਉਹ ਸਿੱਧ ਹੋ ਜਾਏ। ਬੁਧਿ ਦਾ ਭਾਵ ਹੈ ਅਕਲ, ਸ੍ਰੇਸ਼ਟ ਅਕਲ। ਜਿਸ ਨਾਲ ਅਸੀਂ ਆਪਣੀ ਪ੍ਰਾਪਤੀ ਦੀ ਪਰਖ ਕਰ ਸਕਦੇ ਹਾਂ। ਗਿਆਨ ਸਾਡੇ ਕੀਤੇ ਬੌਧਿਕ ਕਾਰਜਾਂ ਨੂੰ ਠੀਕ ਜਾਂ ਗਲਤ ਦੀ ਪਹਿਚਾਣ ਕਰਨ ਦੀ ਹੋਸ਼ਮੰਦੀ ਹੈ। ਇਹ ਸਭ ਵਸਤਾਂ ਮੈਨੂੰ ਗੁਰੂ ਤੋਂ ਪ੍ਰਾਪਤ ਹੋਈਆਂ

ਹਨ, ਇਹ ਪਦਾਰਥ ਇਸ ਸੰਸਾਰ ਵਿੱਚ ਸੁਖ ਦਿੰਦੇ ਹਨ। ਗਿਆਨਵਾਨਾਂ ਨੂੰ ਪਤਾ ਹੈ ਕਿ ਇਹ ਨਾਲ ਨਹੀਂ ਜਾਂਦੇ। ਸਾਈਂ ਦੇ ਦਰਬਾਰ ਵਿੱਚ ਇਹਨਾਂ ਦੀ ਕੋਈ ਕੀਮਤ ਨਹੀਂ। ਇਸ ਲਈ ਅਗਲੇ ਜਗਤ ਵਾਸਤੇ ਮਨੁੱਖ ਮੁਕਤੀ ਦੀ ਇੱਛਾ ਰੱਖਦਾ ਹੈ। ਗੁਰਮਤਿ ਨੇ ਦੋ ਟੂਕ ਨਿਰਣਾ ਦਿੱਤਾ ਹੈ ਕਿ ਦੁਨਿਆਵੀ ਸੁਖ ਤੇ ਮੁਕਤੀ ਹਰੀ ਚਰਨਾਂ ਦੀ ਪ੍ਰੀਤ ਤੋਂ ਬਹੁਤ ਹੇਠਾਂ ਹੈ। "ਹਰਿ ਪ੍ਰੀਤ ਚਰਨ ਕਮਲਾਰੇ" ਹੋਵੇ ਤਾਂ ਨਾ ਇਸ ਦੁਨੀਆਂ ਦੇ ਰਾਜ ਦੀ ਖਿੱਚ ਰਹਿ ਜਾਂਦੀ ਹੈ ਤੇ ਨਾ ਹੀ ਮੁਕਤੀ ਦਾ ਕੋਈ ਆਕਰਸਣ ਰਹਿੰਦਾ ਹੈ। ਪਾਰਬ੍ਰਹਮ ਦੇ ਆਕਾਲੀ ਪੰਥ ਦੇ ਪੈਰੋਕਾਰਾਂ ਦੇ ਪੈਰਾਂ ਵਿੱਚ ਰਿਧੀ, ਸਿਧੀ, ਬੁਧੀ, ਗਿਆਨ ਤੇ ਮੁਕਤੀ ਆਪ ਆ ਪੈਂਦੀ ਹੈ। ਦੋਵੇਂ ਜਹਾਨ ਗੁਰਸਿੱਖਾਂ ਦੀ ਸੰਗਤ ਨੂੰ ਸਹਿਜੇ ਪ੍ਰਾਪਤ ਹਨ।

ਦੁਖ ਵੇਲੇ ਮਨੁੱਖ ਉਖੜ ਜਾਂਦਾ ਹੈ ਰੋਂਦਾ ਹੈ ਤੇ ਕੂਕਾਂ ਮਾਰਦਾ ਹੈ। ਸੁਖ ਹੋਵੇ ਤਾਂ ਖੁਸ ਹੁੰਦਾ ਹੈ ਤੇ ਟੱਪਦਾ ਹੈ, ਭੰਗੜੇ ਪਾਉਂਦਾ ਹੈ, ਬੜਕਾਂ ਮਾਰਦਾ ਹੈ। ਤੱਤ ਦਾ ਖੋਜੀ ਗੁਰਸਿੱਖ ਦੋਵਾਂ ਨੂੰ ਬਰਾਬਰ ਸਮਝਦਾ ਹੈ, ਨਾ ਤੇ ਉਹ ਹਰਖ ਲਈ ਹਿਰਖ ਕਰਦਾ ਹੈ ਤੇ ਨਾ ਸੋਗ ਉਹਨੂੰ ਰੋਗ ਬਣ ਕੇ ਖਾਂਦਾ ਹੈ। ਉਹ ਇਸ ਅਵਸਥਾ ਤੋਂ ਬਿਰਕਤ ਹੈ, ਇਸ ਤੋਂ ਉੱਤੇ ਹੈ ਤੇ ਜੀਵਨ ਮੁਕਤ ਹੈ। ਹੁਕਮ ਹੈ :

*ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ*
*ਹਰਖ ਸੋਗ ਤੇ ਬਿਰਕਤੁ ਭਇਆ॥*
*ਆਪਿ ਮਾਰਿ ਗੁਰਮੁਖਿ ਹਰਿ ਪਾਏ*
*ਨਾਨਕ ਸਹਜਿ ਸਮਾਇ ਲਇਆ॥*

(ਰਾਮਕਲੀ ਮਹਲਾ 1 ਅਸਟਪਦੀਆਂ)

ਗੁਰੂ ਦੇ ਭਰੋਸੇ ਵਾਲੇ ਸਤਿ ਸੰਗਤੀ ਸਿੱਖ ਆਪਾ ਵਿਚਾਰਦੇ ਹਨ ਤੇ ਆਪੇ ਨੂੰ ਮਾਰਦੇ ਹਨ, ਹਉਮੈ ਦਾ ਕੰਡਾ ਉਹਨਾਂ ਨੂੰ ਚੁਭਦਾ ਨਹੀਂ, ਉਹਨਾਂ ਦੀ ਤੋਰ ਵਿੱਚ ਕੰਬਣੀ ਜਾਂ ਜੁੰਬਸ ਨਹੀਂ ਆਉਂਦੀ। ਇਸ ਪ੍ਰਕਾਰ ਉਹ ਅਕਾਲ ਪੁਰਖ ਦੀ ਪ੍ਰਾਪਤੀ ਕਰ ਲੈਂਦੇ ਹਨ, ਜੀਵਨ ਪ੍ਰਯੰਤਲਾਤਮਕ ਸੁਖ ਭੋਗਦੇ ਹਨ ਤੇ ਜੀਵਨ ਦੇ ਅੰਤ ਵਿੱਚ ਉਹ ਸਹਿਜੇ ਹੀ ਅਕਾਲ ਪੁਰਖ ਵਿੱਚ ਸਮਾ ਜਾਂਦੇ ਹਨ। ਉਹਨਾਂ ਦੀ ਮੌਤ ਨਹੀਂ ਹੁੰਦੀ। ਉਹ ਆਗਿਆ ਵਿੱਚ ਆਉਂਦੇ ਹਨ, ਆਗਿਆ ਵਿੱਚ ਰਹਿੰਦੇ ਹਨ ਅਤੇ ਹੁਕਮ ਪਛਾਣ ਕੇ ਚਲੇ ਜਾਂਦੇ ਹਨ।

ਇੱਥੇ ਅੱਖਰ ਰਾਮ ਰਸਾਇਣ ਨੂੰ ਉਚੇਚਾ ਵਿਚਾਰਨ ਦੀ ਲੋੜ ਹੈ। ਆਮ ਹਾਲਾਤ ਵਿੱਚ ਇੱਕ ਜਾਂ ਇੱਕ ਤੋਂ ਵੱਧ ਵਸਤੂਆਂ ਮਿਲ ਕੇ ਭੌਤਿਕ ਮਿਸ਼ਰਣ ਬਣਾਉਂਦੀਆਂ ਹਨ। ਉਦਾਹਰਨ ਵਜੋਂ ਰੇਤ ਤੇ ਖੰਡ ਨੂੰ ਮਿਲਾ ਦਿੱਤਾ ਜਾਏ ਤਾਂ ਇਸਨੂੰ ਭੌਤਿਕ ਮਿਸ਼ਰਣ ਕਿਹਾ ਜਾਏਗਾ। ਸਾਡਾ ਵੀ ਇਹੀ ਹਾਲ ਹੈ ਅਸੀਂ ਇਹਨਾਂ ਵਸਤਾਂ ਵਿੱਚ ਮਿਸ਼ਰਤ ਹੋ ਕੇ ਰਲ ਰੁਲ ਜਾਂਦੇ ਹਾਂ। ਰੇਤ ਪ੍ਰਧਾਨ ਹੋ ਜਾਂਦੀ ਹੈ ਅਤੇ ਖੰਡ ਖਾਣ ਜੋਗ ਨਹੀਂ ਰਹਿੰਦੀ। ਗੁਰੂ ਦੀ ਬੜੀ ਕ੍ਰਿਪਾ ਹੋਵੇ ਤਾਂ ਕੋਈ ਮਨੁੱਖ ਨਿਮਰਤਾ ਨਾਲ ਕੀੜੀ ਬਣ ਕੇ ਖੰਡ ਦਾ ਸੁਆਦ ਮਾਣ ਲਏ ਤੇ ਰੇਤ ਨੂੰ ਛੱਡ ਦੇਵੇ। ਹੰਕਾਰ ਦਾ ਹਾਥੀ ਅਜਿਹਾ ਨਹੀਂ ਕਰ ਸਕਦਾ। ਇਸ ਦੇ ਇਲਾਵਾ ਜਦੋਂ ਕੋਈ ਦੋ ਜਾਂ ਦੋ ਤੋਂ ਵੱਧ ਵਸਤਾਂ ਜਾਂ ਦੋ ਤੱਤ ਆਪਸ ਵਿੱਚ ਕਿਸੇ ਵਿਸ਼ੇਸ਼ ਹਾਲਤ, ਵਾਤਾਵਰਨ ਤੇ ਤਾਪਮਾਨ ਵਿੱਚ ਕੋਈ ਤੀਜੀ ਵਸਤੂ ਬਣਾਉਂਦੇ ਹਨ ਤਾਂ ਉਸਨੂੰ ਰਸਾਇਣਕ ਤੱਤ ਆਖਦੇ ਹਨ। ਉਦਾਹਰਨ ਸੋਢੀਅਮ ਤੇ ਕਲੋਰੀਨ ਮਿਲ ਕੇ ਰਸੋਈ ਵਿੱਚ ਆਮ ਵਰਤਿਆ ਜਾਣ ਵਾਲਾ ਲੂਣ ਬਣਦਾ ਹੈ। ਇਸੇ ਤਰ੍ਹਾਂ ਹਾਈਡਰੋਜਨ ਗੈਸ ਤੇ ਆਕਸੀਜਨ ਤੋਂ ਪਾਣੀ ਵਜੂਦ ਵਿੱਚ ਆਉਂਦਾ ਹੈ। ਬਿਲਕੁਲ ਇਸੇ ਹੀ ਤਰ੍ਹਾਂ ਨਰਹਰ ਨਾਰਾਇਣ ਦੁਆਰਾ ਪੰਜ ਤੱਤ ਬਣਾਏ ਗਏ ਹਨ। ਇਹਨਾਂ ਤੱਤਾਂ ਤੋਂ ਸਾਰੀ ਸਿਰਜਨਾ ਹੋਈ ਹੈ ਤੇ ਸਭ ਸੁਖਦਾਈ ਵਸਤਾਂ ਹੋਂਦ ਵਿੱਚ ਆਈਆਂ ਹਨ। ਇਹਨਾਂ ਵਸਤਾਂ ਵਿੱਚ ਰਾਮ ਰਚਿਆ ਮਿਚਿਆ ਹੋਇਆ ਹੈ। ਉਸਨੂੰ ਹਾਜ਼ਰ ਨਾਜ਼ਰ ਸਮਝ ਕੇ ਇਹਨਾਂ ਵਸਤਾਂ ਤੇ ਸੁੱਖਾਂ ਨੂੰ ਭੋਗਿਆ ਜਾਏ ਤਾਂ ਇਹ ਪਸਾਰਾ ਰਾਮ ਰਸਾਇਣ ਬਣ ਜਾਏਗਾ। ਜੀਵਨ ਵਿਧੀ ਦਾ ਪਾਲਣ ਕਰਨ ਵਾਲੇ ਗੁਰਮੁਖ ਪ੍ਰਾਣੀਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਖੋਜ ਕੇ ਥਾਂ ਥਾਂ ਸੰਗਤਾਂ ਕਾਇਮ ਕੀਤੀਆਂ ਹਨ।

ਜੀਵਨ ਦਾ ਮਕਸਦ ਅਕਾਲ ਪੁਰਖ ਦੀ ਪ੍ਰਾਪਤੀ ਹੈ। ਪਾਤਸ਼ਾਹ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਮੇਰੀ ਮਾਏ ਮੈਂ ਉਹਨੂੰ ਕਿਸ ਤਰ੍ਹਾਂ ਮਿਲਾਂ? ਨਾ ਮੇਰੇ ਕੋਲ ਖ਼ੂਬਸੂਰਤੀ ਹੈ ਤੇ ਨਾ ਹੀ ਬੁਧ ਬਲ। ਬੁਧ ਬਲ ਨਾਲ ਵਾਹਿਗੁਰੂ ਨੂੰ ਪ੍ਰਾਪਤ ਕਰਨ ਦੀ ਵਿਧੀ ਹੋਰਨਾਂ ਮੱਤਾਂ ਦੀ ਹੈ। ਗੁਰਮਤਿ ਨੇ ਨਿਮਰਤਾ ਨਾਲ ਅਕਾਲ ਪੁਰਖ ਦੀ ਪ੍ਰਾਪਤੀ ਕਰਨ ਦਾ ਬਲ ਦੱਸਿਆ ਹੈ। ਪਾਤਸ਼ਾਹ ਕਹਿੰਦੇ ਹਨ, ਮੈਂ ਨਹੀਂ ਜਾਣਦਾ ਕਿ ਅਸੀਂ ਕਿੱਥੋਂ ਕਿੱਥੋਂ ਹੋ ਕੇ ਆਏ ਹਾਂ ਅਤੇ ਇਹ ਮਨੁੱਖਾ ਜਨਮ ਦੀ ਦਾਤ ਪ੍ਰਾਪਤ

ਹੋਈ ਹੈ। ਹੁਕਮ ਹੈ :

ਕਵਨ ਗੁਨ ਪ੍ਰਾਨ ਪਤਿ
ਮਿਲਉ ਮੇਰੀ ਮਾਈ॥ ਰਹਾਉ॥
ਰੂਪ ਹੀਨ ਬੁਧਿ ਬਲ ਹੀਨੀ
ਮੋਹਿ ਪਰਦੇਸਨਿ ਦੂਰ ਤੇ ਆਈ॥
ਨਾਹਿਨ ਦਰਬ ਨ ਜੋਬਨ ਮਾਤੀ
ਮੋਹਿ ਅਨਾਥ ਕੀ ਕਰਹੁ ਸਮਾਈ॥

ਨਾ ਤੇ ਮੇਰੇ ਕੋਲ ਧਨ ਹੈ ਤੇ ਨਾ ਹੀ ਜੋਬਨ ਦਾ ਨਸ਼ਾ। ਮੈਂ ਨਿਮਾਣਾ ਅਨਾਥ ਹਾਂ, ਤੁਸੀਂ ਹੀ ਮੇਰੀ ਸਮਾਈ ਕਰੋ, ਮੈਨੂੰ ਆਪਣੀ ਸ਼ਰਨ ਵਿੱਚ ਲੈ ਲਵੋ। ਇਹੀ ਹੈ ਗੁਰਮਤਿ ਦੀ ਵਿਧੀ।

ਜਿਹਨਾਂ ਵਸਤਾਂ ਦੇ ਨਾਲ ਮਨੁੱਖ ਇਸ ਦੁਨੀਆਂ ਵਿੱਚ ਆਪਣੀ ਸਥਿਤੀ ਕਾਇਮ ਕਰਨ ਵਿੱਚ ਲੱਗਾ ਹੋਇਆ ਹੈ ਤੇ ਉਹਨਾਂ ਨੂੰ ਹੀ ਖੋਜਦਾ ਅਤੇ ਉਹਨਾਂ ਨੂੰ ਹੀ ਇਕੱਤਰ ਕਰਨ ਲਈ ਤਰਲੋ ਮੱਛੀ ਹੁੰਦਾ ਰਹਿੰਦਾ ਹੈ। ਸਮਾਜ ਵਿੱਚ ਇੱਕ ਵਿਸ਼ੇਸ਼ ਅਸਥਾਨ ਰੁਤਬਾ ਜਾਂ ਪਦਵੀ ਪ੍ਰਾਪਤ ਕਰਨ ਤੋਂ ਬਾਅਦ ਉਹ ਧਰਮ ਅਸਥਾਨਾਂ ਉੱਤੇ ਵੀ ਆਪਣਾ ਗਲਵਾ ਪਾਉਣਾ ਚਾਹੁੰਦਾ ਹੈ। ਉਹ ਸੋਚਦਾ ਹੈ ਕਿ ਧੰਨ ਦੌਲਤ ਜਾਂ ਰੁਤਬੇ ਦੇ ਰੋਹਬ ਨਾਲ ਉਹ ਵਾਹਿਗੁਰੂ ਨੂੰ ਪ੍ਰਾਪਤ ਕਰ ਸਕਦਾ ਹੈ। ਇਹ ਬੜੀ ਹਾਨੀਕਾਰਕ ਤੇ ਗਲਤ ਸੋਚ ਹੈ। ਉਸਦੇ ਦਰ ਤੇ ਕੇਵਲ ਨਿਮਰਤਾ ਹੀ ਪ੍ਰਵਾਨ ਹੈ। ਗੁਰੂ ਪਾਤਸ਼ਾਹ ਆਖਦੇ ਹਨ ਕਿ ਮੈਂ ਤੱਤ ਦੀ ਖੋਜ ਲਈ ਵਿਆਕੁਲ ਹਾਂ। ਇਹ ਵਿਆਕੁਲਤਾ ਵੈਰਾਗ ਭਾਵ ਪ੍ਰੇਮ ਰੂਪ ਹੋ ਕੇ ਮੇਰੇ ਹਿਰਦੇ ਵਿੱਚ ਉਪਜੀ ਹੈ।

*ਖੋਜਤ ਖੋਜਤ ਭਈ ਬੈਰਾਗਨਿ ਪ੍ਰਭ*
*ਦਰਸਨ ਕਉ ਹਉ ਫਿਰਤ ਤਿਸਾਈ॥*
*ਦੀਨ ਦਇਆਲ ਕ੍ਰਿਪਾਲ ਪ੍ਰਭ*
*ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ॥*
(ਰਾਗ ਗਉੜੀ ਪੂਰਬੀ ਮਹਲਾ 5)

ਵਾਹਿਗੁਰੂ ਗਰੀਬ ਨਿਵਾਜ਼ ਹੈ। ਦੀਨ ਦਿਆਲ ਸੁਆਮੀ ਹੈ ਤੇ ਕ੍ਰਿਪਾਲੂ ਹੈ। ਉਸਨੇ ਕ੍ਰਿਪਾ ਕਰਕੇ ਮੈਨੂੰ ਸਾਧ ਸੰਗਤ ਬਖ਼ਸ਼ ਦਿੱਤੀ ਜਿੱਥੋਂ ਮੇਰੀ ਪਿਆਸ ਬੁਝ ਗਈ। ਹੁਣ ਮੈਂ ਪੂਰੀ ਤਰ੍ਹਾਂ ਤ੍ਰਿਪਤ ਹਾਂ। ਸਾਧ ਸੰਗਤ ਵਿੱਚੋਂ ਰਾਮ ਰਸਾਇਣ ਦੀ ਪ੍ਰਾਪਤੀ ਹੋਈ ਹੈ ਤੇ ਮੇਰੀ ਖੋਜ ਸਫਲ ਹੋਈ ਹੈ।

ਰਾਮ ਰਸਾਇਣ ਨੂੰ ਮਾਣਨ ਵਾਲੇ ਆਤਮਿਕ ਤੌਰ ਤੇ ਸੁੰਦਰ ਸੋਹਣੇ ਸੱਜਣਾਂ ਦੀਆਂ ਸੰਗਤਾਂ ਗੁਰੂ ਨਾਨਕ ਦੇਵ ਜੀ ਨੇ ਥਾਂ ਥਾਂ ਤੇ ਕਾਇਮ ਕੀਤੀਆਂ ਹਨ। ਇਸੇ ਹੀ ਭਾਵਨਾ ਨੂੰ ਵਿਅਕਤ ਕਰਦਿਆਂ ਭਾਈ ਗੁਰਦਾਸ ਜੀ ਨੇ ਆਖਿਆ ਹੈ ਕਿ ਜਿੱਥੇ ਗੁਰੂ ਨਾਨਕ ਦੇਵ ਜੀ ਆਪਣੇ ਪਵਿੱਤਰ ਚਰਨ ਧਰਦੇ ਉੱਥੇ ਸੰਗਤਾਂ ਬਣ ਜਾਂਦੀਆਂ ਤੇ ਧਰਮਸਾਲ ਕਾਇਮ ਹੋ ਜਾਂਦੇ। ਲੰਮੇਰਾ ਵਿਸਥਾਰ ਨਾ ਲੈ ਕੇ ਅਸੀਂ ਕੇ ਵਲ ਇੱਕੋ ਹੀ ਉਦਾਹਰਣ ਇੱਥੇ ਅੰਕਿਤ ਕਰ ਰਹੇ ਹਾਂ।

ਆਪਣੀ ਪੂਰਬ ਦੀ ਫੇਰੀ ਸਮੇਂ ਗੁਰੂ ਨਾਨਕ ਦੇਵ ਜੀ ਜਦੋਂ ਕਲਕੱਤੇ ਪੁੱਜੇ ਤਾਂ ਉਹਨਾਂ ਨੇ ਦੇਖਿਆ ਕਿ ਔਰਤ ਜਾਤੀ ਦੀ ਹਾਲਤ ਚੰਗੀ ਨਹੀਂ ਹੈ। ਉਸ ਨੂੰ ਤਿਸਕਾਰਿਆ ਜਾਂਦਾ ਹੈ। ਔਰਤ ਨੀਵੇਂ ਤੇ ਹੇਠਲੇ ਦਰਜੇ ਦਾ ਜੀਵ ਸਮਝਿਆ ਜਾਂਦਾ ਹੈ। ਕੁਦਰਤ ਦੇ ਕਰਨੇ ਅਨੁਸਾਰ ਜੇ ਕਿਸੇ ਇਸਤਰੀ ਦਾ ਪਤੀ ਚਲਾਣਾ ਕਰ ਜਾਏ ਤਾਂ ਉਸਨੂੰ ਬੇਲੋੜੇ ਕਰੜੇ ਪਹਿਰੇ ਹੇਠਾਂ ਜੀਵਨ ਬਿਤਾਉਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਸੁਆਦਿਸ਼ਟ ਖਾਣੇ ਤਾਂ ਕੀ ਉਸਨੂੰ ਦਾਲ ਭਾਜੀ ਵੀ ਅਲੂਣੀ ਹੀ ਦਿੱਤੀ ਜਾਂਦੀ ਸੀ। ਕੱਪੜੇ ਤੇ ਓੜਨ ਦੀ ਨਾਂ ਤੇ ਔਰਤ ਨੂੰ ਇਕੋ ਹੀ ਧੋਤੀ ਵਿੱਚ ਗੁਜ਼ਾਰਾ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਨੇ ਇਹ ਸਭ ਦੇਖ ਕੇ ਦਰਿਆ ਹੁਗਲੀ ਦੇ ਕਿਨਾਰੇ, ਜਿੱਥੇ ਅੱਜ ਦੁਨੀਆਂ ਦਾ ਮਸ਼ਹੂਰ ਪੁਲ, ਹਾਵੜਾ ਬਰਿੱਜ ਹੈ, ਉਸਦੇ ਕੋਲ ਲੋਕਾਂ ਨੂੰ ਇਕੱਠਿਆਂ ਕਰਕੇ ਸੰਬੋਧਿਤ ਕੀਤਾ। ਆਪ ਜੀ ਨੇ ਇੱਕਤਰਤਾ ਵਿੱਚ ਔਰਤ ਨੂੰ ਸੱਜੇ ਪਾਸੇ ਬਿਠਾਇਆ ਤੇ ਮਰਦਾਂ ਨੂੰ ਖੱਬੇ ਪਾਸੇ। ਆਪ ਜੀ ਨੇ ਕਿਹਾ ਇਹ ਵੱਡੀ ਸਿੱਖ ਸੰਗਤ ਹੈ। ਭਾਈ ਮਰਦਾਨਾ ਜੀ ਨੇ ਪੁੱਛਿਆ, ਬਾਬਾ ਜੀ ਇਸ ਤੋਂ ਪਹਿਲਾਂ ਤੁਸੀਂ ਕਈ ਤੀਰਥਾਂ ਤੇ ਵੱਡੀਆਂ ਵੱਡੀਆਂ ਇੱਕਤਰਤਾਵਾਂ ਨੂੰ ਸੰਬੋਧਨ ਕੀਤਾ ਹੈ ਇੱਥੇ ਤਾਂ ਚੰਦ ਗਿਣਤੀ ਦੇ ਲੋਕ ਹਨ, ਤੁਸੀਂ ਇਸਨੂੰ ਵੱਡੀ ਸਿੱਖ ਸੰਗਤ ਦਾ ਨਾਂ ਕਿਉਂ ਦਿੱਤਾ ਹੈ ਤਦੋਂ ਨਿਰੰਕਾਰੀ ਬਾਬਾ ਗੁਰੂ ਨਾਨਕ ਦੇਵ ਜੀ ਨੇ ਆਖਿਆ ਜਿਹੜੀ ਔਰਤ ਸਿਰਜਨਹਾਰੀ ਹੈ, ਮਾਂ ਹੈ, ਧਰਤੀ ਵਾਂਗੂੰ ਸਹਿਨਸ਼ੀਲ ਤੇ ਸੰਜਮੀ ਹੈ ਉਸਦਾ ਤ੍ਰਿਸਕਾਰ ਕਰਨ ਵਾਲਾ ਸਮਾਜ ਕਦੀ ਤਰੱਕੀ ਨਹੀਂ ਕਰ ਸਕਦਾ। ਜਿਸ ਔਰਤ ਜਾਤ ਨੂੰ ਸਦਾ ਤ੍ਰਿਸਕਾਰਿਆ ਗਿਆ ਹੈ ਅੱਜ ਤੋਂ ਬਾਅਦ ਹਮੇਸ਼ਾਂ ਹੀ ਇਸਨੂੰ ਸਾਧ ਸੰਗਤ ਵਿੱਚ ਸੱਜੇ ਪਾਸੇ

ਬਿਠਾਇਆ ਜਾਏਗਾ। ਇਸੇ ਲਈ ਇਸ ਇੱਕਤਰਤਾ ਤੇ ਸੰਗਤ ਨੂੰ ਵੱਡੀ ਸਿੱਖ ਸੰਗਤ ਆਖਿਆ ਹੈ। ਇਹ ਇੱਕ ਬੜਾ ਵੱਡਾ ਕ੍ਰਾਂਤੀਕਾਰੀ ਕਾਰਨਾਵਾਂ ਸੀ। ਜੋ ਹਿੰਦੋਸਤਾਨ ਵਿੱਚ ਪਹਿਲੀ ਵਾਰੀ ਹੋਇਆ।

ਅੱਜ ਵੀ ਇਸ ਅਸਥਾਨ ਉੱਤੇ ਗੁਰਦੁਆਰਾ ਬੜਾ ਸਿੱਖ ਸੰਗਤ ਮੌਜੂਦ ਹੈ। ਬੰਗਲਾ ਭਾਸ਼ਾ ਵਿੱਚ ਇਸਤਰੀ ਲਿੰਗ ਤੇ ਪੁਲਿੰਗ ਲਈ ਇੱਕੋ ਹੀ ਅੱਖਰ ਵਰਤਿਆ ਜਾਂਦਾ ਹੈ। ਪੰਜਾਬੀ ਵਿੱਚ ਅਸੀਂ ਚੰਗਾ ਦਿਨ ਤੇ ਚੰਗੀ ਰਾਤ ਕਰਕੇ ਲਿਖਦੇ ਬੋਲਦੇ ਹਾਂ। ਰਾਤ ਇਸਤਰੀ ਲਿੰਗ ਹੈ ਉਸ ਨਾਲ ਵਿਸ਼ੇਸ਼ਣ ਚੰਗੀ ਆਉਂਦਾ ਹੈ ਤੇ ਦਿਨ ਪੁਲਿੰਗ ਹੈ ਉਸ ਨਾਲ ਆਇਆ ਵਿਸ਼ੇਸ਼ਣ ਚੰਗਾ ਵੀ ਪੁਲਿੰਗ ਕਰਕੇ ਲਿਖਿਆ ਜਾਂਦਾ ਹੈ। ਬੰਗਲਾ ਵਿੱਚ ਦੋਹਾਂ ਹਾਲਤਾਂ ਵਿੱਚ ਵਿਸ਼ੇਸ਼ਣ ਪੁਲਿੰਗ ਹੀ ਆਉਂਦਾ ਹੈ ਜਿਵੇਂ ਬੜਾ ਲੜਕੀ ਤੇ ਬੜਾ ਆਦਮੀ। ਇਸੇ ਕਾਰਨ ਇਸ ਪਵਿੱਤਰ ਅਸਥਾਨ ਦਾ ਨਾਮ ਅੱਜ ਤੱਕ ਗੁਰਦੁਆਰਾ ਬੜਾ ਸਿੱਖ ਸੰਗਤ ਕਰਕੇ ਪ੍ਰਸਿੱਧ ਹੈ। ਅਜਿਹੀਆਂ ਅਨੇਕ ਸੰਗਤਾਂ ਗੁਰੂ ਸਾਹਿਬਾਂ ਦੁਆਰਾ ਪੰਜਾਬ ਤੋਂ ਪੰਜਾਬੋਂ ਬਾਹਰ ਕਾਇਮ ਕੀਤੀਆਂ ਗਈਆਂ। ☬


With compliments from
**Kulvinder Singh**

Phone : (O) 3312440
Resi. : 5721753

**SAWHNEY CLOTH HOUSE**
46, Shanker Market, Connaught Circus, New Delhi - 110 001






**PIZZAS**
**BURGERS**
**& much more**





Coca-Cola

Only at
**Hot Millions**

office and home delivery
**CHD 723333 PKL 579888**

# ਗਾਵੀਐ ਸੁਣੀਐ ਮਨਿ ਰਖੀਐ ਭਾਉ!

## ਗਿਆਨੀ ਕਰਤਾਰ ਸਿੰਘ ਨੀਲਧਾਰੀ

162 ਏ, ਗਰੇਨ ਮਾਰਕੀਟ, ਚੰਡੀਗੜ੍ਹ

ਗੁਰਬਾਣੀ ਦਾ ਸ਼ਬਦ ਜਿਸ ਸਮੇਂ ਜ਼ਿਹਨ ਵਿੱਚ ਆਉਂਦਾ ਹੈ ਤਾਂ ਰਾਗ ਸੰਗੀਤ ਤੇ ਕੀਰਤਨ ਦੀ ਇੱਕ ਤਰੰਗ ਕੋਈ ਤੁਕ ਚੇਤੇ ਕਰਾ ਦਿੰਦੀ ਹੈ। ਸ਼ਾਸ਼ਤ੍ਰੀ ਸੰਗੀਤ ਦੇ ਸਾਰੇ ਰਾਗ ਗਾਇਕੀ ਦੇ ਨਿਯਮ-ਸੰਵਿਧਾਨ ਦੇ ਅਧੀਨ ਹਨ ਪਰ ਇਸ ਸੰਵਿਧਾਨ ਵਿੱਚ ਗਾਇਨ ਕਾਲ ਦੇ ਵੀ ਸਪਸ਼ਟ ਨਿਰਦੇਸ਼ ਹਨ। ਗੁਰਬਾਣੀ ਵਿੱਚ ਦਰਜ ਕਿਸੇ ਵੀ ਰਾਗ ਬੱਧ ਸ਼ਬਦ ਦੇ ਰਾਗ ਅਨੁਸਾਰ ਉਸਦਾ ਉੱਚਾਰਨ ਕਾਲ ਵੀ ਸਹਿਜੇ ਹੀ ਨਿਸ਼ਚਿਤ ਕੀਤਾ ਜਾ ਸਕਦਾ ਹੈ। ਜਿਵੇਂ ਆਸਾ ਰਾਗ ਦਾ ਗਾਇਨ ਕਾਲ ਦਿਨ ਦਾ ਅਖੀਰਲਾ ਪਹਿਰ ਜਾਂ ਰਾਤ ਦਾ ਅਖੀਰਲਾ ਪਹਿਰ ਹੈ। ਇਸ ਰਾਗ ਵਿੱਚ ਦਰਜ ਗੁਰਬਾਣੀ ਦਾ ਅਵਤਰਨ ਕਾਲ ਨਿਸ਼ਚਿਤ ਹੀ ਰਾਗ ਦੇ ਗਾਇਨ ਕਾਲ ਅਨੁਸਾਰ ਹੋਵੇਗਾ। ਦਿਨ-ਸਾਲ-ਵਾਰ ਤੋਂ ਅਨਜਾਣ ਹੋ ਕੇ ਵੀ ਇੱਕ ਕੀਰਤਨੀਆ ਕਲਪਨਾ ਸ਼ਕਤੀ ਨਾਲ ਸ਼ਬਦ ਦੇ ਰਾਗ ਦੇ ਗਾਇਨ ਕਾਲ ਅਨੁਸਾਰ ਉਸ ਮਾਹੌਲ ਬਾਰੇ ਹਿਰਦੇ ਵਿੱਚ ਭਗਤੀ ਭਾਵ ਲਿਆ ਕੇ ਗਾਇਨ ਕਰੇ ਤਾਂ ਰਾਗ ਵੀ ਸਾਕਾਰ ਹੋ ਜਾਂਦਾ ਹੈ ਅਤੇ ਗੁਰੂ ਦੀ ਬਾਣੀ ਵੀ ਸਾਕਾਰ ਹੋ ਜਾਂਦੀ ਹੈ। ਅਜਿਹੇ ਗਾਇਨ ਦਾ ਹਰੇਕ ਸ੍ਰੋਤਾ ਵੀ ਸੰਗੀਤ ਦਾ ਹਿੱਸਾ ਬਣ ਜਾਂਦਾ ਹੈ ਅਤੇ ਗਾਇਆ ਸੁਣਿਆ ਪ੍ਰਵਾਨ ਹੁੰਦਾ ਹੈ।

ਹਜ਼ੂਰ ਸੰਤ ਕਿਲੇ ਵਾਲੇ ਹਰ ਇੱਕ ਸ਼ਬਦ ਨੂੰ ਉਸਦੇ ਨਿਸ਼ਚਿਤ ਰਾਗ ਵਿੱਚ ਗਾ-ਸੁਣ ਕੇ ਰਾਜੀ ਹੁੰਦੇ ਸਨ। ਰਾਗ ਦੇ ਸਮੇਂ ਤੋਂ ਬਾਹਰ ਕਿਸੇ ਰਾਗੀ ਨੂੰ ਕੋਈ ਰਾਗ ਛੇੜਨ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। ਰਾਗ ਦੀ ਸ਼ੁਧਤਾ, ਸਮੇਂ ਦਾ ਅਨੁਸ਼ਾਸਨ ਅਤੇ ਗੁਰਬਾਣੀ ਦੀ ਸ਼ੁਧਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ। ਗੁਰਬਾਣੀ ਦੀ ਸ਼ੁਧਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ। ਗੁਰਬਾਣੀ ਦੀ ਸ਼ੁਧਤਾ ਲਈ ਇੱਕ ਵਿਦਵਾਨ ਸੈਂਚੀਆਂ ਦੇ ਕੇ ਰਾਗੀਆਂ ਨਾਲ ਬਿਠਾਇਆ ਜਾਂਦਾ ਸੀ। ਲਗ-ਮਾਤ੍ਰਾ ਦੀ ਅਸ਼ੁਧੀ ਲਈ ਕੀਰਤਨੀਏ ਨੂੰ ਟੋਕ ਕੇ ਸੋਧ ਕਰਾਈ ਜਾਂਦੀ ਸੀ। ਪੁਰਾਤਨ ਰੀਤ ਅਨੁਸਾਰ ਪਦ ਗਾਇਨ ਕਰਕੇ ਬਾਦ ਵਿੱਚ ਸ਼ੁਧ ਕਰਾਣ ਲਈ ਉਹ ਪਦ ਲੈਅ ਵਿੱਚ ਪੜ੍ਹਿਆ ਜਾਂਦਾ। ਸ੍ਰੋਤਾ ਨੂੰ ਤੁਕਾਂ ਦੀ ਸਪਸ਼ਟ ਸਮਝ ਆ ਜਾਂਦੀ ਹੈ। ਅਜ ਕਲ ਰਾਗ ਦੀ ਸ਼ੁਧਤਾ ਅਤੇ ਨਿਰਧਾਰਿਤ ਰਾਗ ਅਨੁਸਾਰ ਗਾਇਨ ਦੇ ਪ੍ਰਚਾਰ ਨਾਲ ਗਾਇਨ ਕਾਲ ਦੇ ਅਨੁਸ਼ਾਸਨ ਦਾ ਪਾਲਨ ਨਹੀਂ ਆਉਂਦਾ। ਇਸੇ ਤਰ੍ਹਾਂ ਗਾਇਨ ਵਿੱਚ ਗੁਰਬਾਣੀ ਸ਼ੁਧਤਾ ਵਲ ਪੂਰਾ ਧਿਆਨ ਨਹੀਂ ਦਿੱਤਾ ਜਾ ਰਿਹਾ। ਔਡੀਓ ਵੀਡਿਓ ਕੈਸੇਟਾਂ ਵਿੱਚ ਵੀ ਇਹ ਦੋਖ ਸਪਸ਼ਟ ਦਿਸਦੇ ਹਨ।

ਰਾਗ ਰਹਿਤ ਗੁਰਬਾਣੀ ਵਿੱਚ ਸਭ ਤੋਂ ਪਹਿਲਾ ਜਪੁ ਸਾਹਿਬ ਦੀ ਬਾਣੀ ਹੈ। ਜਪੁ ਪਰੀਭਾਸ਼ਾ ਅਨੁਸਾਰ ਇਸਦਾ ਗਾਇਨ ਨਹੀਂ ਹੋਣਾ ਚਾਹੀਦਾ। ਪੁਰਾਤਨ ਮਰਯਾਦਾ ਅਨੁਸਾਰ ਜਪੁ ਸਾਹਿਬ ਦਾ ਪਾਠ ਵੀ ਲੈਅ ਵਿੱਚ ਨਹੀਂ ਕੀਤਾ ਜਾਣਾ ਚਾਹੀਦਾ। ਅੱਜ-ਕਲ ਸਾਡੇ ਕੀਰਤਨੀਏ ਸ਼ਾਇਦ ਇਸ ਪੁਰਾਤਨ ਮਰਯਾਦਾ ਤੋਂ ਅਣਜਾਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿੱਚ ਹਜਾਰਾਂ ਸ਼ਬਦ ਛੱਡ ਕੇ ਇਸ ਗਹਿਰ ਗੰਭੀਰ ਬਾਣੀ ਜਪੁ ਸਾਹਿਬ ਦਾ ਗਾਇਨ ਕਰਨ ਤੋਂ ਗੁਰੇਜ ਹੀ ਹੋਣਾ ਚਾਹੀਦਾ ਹੈ।

ਇਕੱਤੀ ਰਾਗਾਂ ਦੀ ਗੁਰਬਾਣੀ ਦੇ ਸੰਕਲਪ ਤੋਂ ਬਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਰਹਿਤ ਬਾਣੀਆਂ ਦਰਜ ਕੀਤੀਆਂ ਗਈਆਂ ਹਨ। ਅਜਿਹੀ ਬਾਣੀ ਵਿੱਚ 'ਵਾਰਾਂ ਤੋਂ ਵਧੀਕ ਸਲੋਕ' ਸਾਨੂੰ ਇੱਕ ਅਨੂਠਾ ਸੰਦੇਸ਼ ਦਿੰਦੇ ਹਨ। ਇਸ ਸਿਰਲੇਖ ਨਾਲ ਸਪਸ਼ਟ ਹੁੰਦਾ ਹੈ ਕਿ ਸ਼ਲੋਕ ਰੂਪੀ ਬਾਣੀ ਉਚਾਰਣ ਸਮੇਂ ਸਾਜ ਨਹੀਂ ਖੋਲ੍ਹਿਆ ਗਿਆ। ਤਵਰਿਤ ਰੂਪ ਵਿੱਚ ਜੋ ਹੁਕਮ ਉਤਰਿਆ ਗੁਰੂ ਜੀ ਨੇ ਸਨਮੁਖ ਬੈਠੇ ਸਿੱਖ, ਸੇਵਕ ਜਾਂ ਸੰਗਤ ਨੂੰ ਸੁਣਾ ਦਿੱਤਾ। ਅਜਿਹੇ ਸਲੋਕ ਕਿਹੜੇ ਸਮੇਂ ਉਚਾਰੇ ਗਏ ਇਹ ਕਦੀ ਸਪਸ਼ਟ ਨਹੀਂ ਹੋ ਸਕਦਾ। ਵਾਰਾਂ ਦੀ ਗੁਰਮਤਿ ਸ਼ੈਲੀ ਵਿੱਚ ਪਉੜੀਆਂ ਦੇ ਭਾਵ ਸਪਸ਼ਟ ਕਰਨ ਲਈ ਅਜਿਹੀ ਰਾਗ ਰਹਿਤ ਬਾਣੀ ਨੂੰ 'ਵਾਰਾਂ ਤੋਂ ਵਧੀਕ ਸਲੋਕ' ਸਿਰਲੇਖ ਨਾਲ ਸੰਕਲਿਤ ਗਿਆ। ਸੁਭਾਵਿਕ ਰੂਪ ਵਿੱਚ ਇਹ ਸਲੋਕ ਭਾਵੇਂ ਕਿਸੇ ਰਾਗ ਬੱਧ ਵਾਰ ਵਿੱਚ ਹੀ ਪਹੁੰਚੇ ਹਨ ਪਰ ਇਨ੍ਹਾਂ ਨੂੰ ਕਿਸੇ ਵੀ ਰਾਗ ਵਿੱਚ, ਕਿਸੇ ਵੀ ਸਮੇਂ ਤੇ ਰਾਗ ਰਹਿਤ ਵਿਧਾ ਨਾਲ ਸੁਗਮ ਸੰਗੀਤ ਵਿੱਚ ਗਾਇਆ ਜਾ ਸਕਦਾ ਹੈ। ਕਿਸੇ ਰਾਗ ਵਿੱਚ ਗਾਇਨ ਸਮੇਂ ਉਸ ਰਾਗ ਦੇ ਗਾਇਨ ਕਾਲ ਦੀ ਮਰਯਾਦਾ ਦਾ ਪਾਲਨ ਹੀ ਜ਼ਰੂਰੀ ਹੈ।

ਵੱਡੇ ਵੱਡੇ ਕੀਰਤਨੀਏ 'ਵਾਹਿਗੁਰੂ' ਗੁਰ ਮੰਤਰ ਦੀ ਕੀਰਤਨ ਧੁਨੀ ਨਾਲ ਪਤਾ ਨਹੀਂ ਕੀ ਪ੍ਰਭਾਵ ਪੈਦਾ ਕਰਨਾ ਚਾਹੁੰਦੇ ਹਨ? ਪੁਰਾਤਨ ਕੀਰਤਨ ਮਰਯਾਦਾ ਅਤੇ

ਗੁਰਮੰਤ੍ਰ ਪਰੀਭਾਸ਼ਾ ਦੇ ਵਿਰੁੱਧ ਚਲ ਰਹੇ ਇਸ ਚਲਨ ਨੂੰ ਬੰਦ ਕਰਨ ਦਾ ਪ੍ਰਯਾਸ ਹੋਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਰਸ ਰੰਗ ਦੇ ਸ਼ਬਦ ਭਰੇ ਹੋਏ ਹਨ। ਹਰਿਮੰਦਰ ਸਾਹਿਬ ਵਿੱਚ ਪਾਲਕੀ ਸਾਹਿਬ ਦੇ ਸੁਆਗਤ ਵਿੱਚ ਕਈ ਕੀਰਤਨੀਏ ਕੇਵਲ 'ਦਰਸ਼ਨ ਪਿਆਸੀ ਦਿਨਸ ਰਾਤਿ' ਦੀਆਂ ਦੋ ਤੁਕਾਂ ਦੀ ਗਾਇਨ ਵਿਧਾ ਨਾਲ ਉਹ ਰੰਗ ਬੰਨ੍ਹ ਦਿੰਦੇ ਹਨ ਕਿ ਸ੍ਰੋਤਾ ਦੇ ਹਿਰਦੇ ਵਿੱਚ ਦਰਸ਼ਨਾ ਦੀ ਬਿਹਬਲਤਾ ਪੈਦਾ ਹੋ ਜਾਂਦੀ ਹੈ।

ਵਰਤਮਾਨ ਕਾਲ ਕੀਰਤਨ ਦਾ ਪੁਨਰ ਜਾਗਰਣ ਕਾਲ ਕਿਹਾ ਜਾ ਸਕਦਾ ਹੈ। ਪੁਰਾਤਨ ਗੀਤਾਂ ਨੂੰ ਸੰਭਾਲਣ ਦੇ ਉਪਰਾਲੇ ਹੋ ਰਹੇ ਹਨ, ਪਰ ਇਸਦੇ ਨਾਲ ਗੁਰਬਾਣੀ ਗਾਇਨ ਦੀ ਪੂਰੀ ਮਰਯਾਦਾ ਦਾ ਸਤਿਕਾਰ ਕਰਨ ਨਾਲ ਇਸ ਧੁਰ ਕੀ ਬਾਣੀ ਦੇ ਸ੍ਰੋਤਾ ਦੀ ਸੁਰਤ-ਸ਼ਬਦ ਗੁਰੂ ਸੁਰਤਿ ਧੁਨਿ ਚੇਲਾ-ਅਨੁਸਾਰ ਧੁਰ ਦੇ ਰਾਹ ਦੀ ਰਾਹਗੀਰ ਹੋ ਸਕੇਗੀ। ਤੰਤੀ ਸਾਜ ਦੇ ਅਭਾਵ ਵਿੱਚ ਰਾਗ ਦੀ ਬਾਰੀ ਦੀਆਂ ਮੀਡ ਵਗੈਰਾ ਕਦੀ ਪ੍ਰਗਟ ਨਹੀਂ ਹੋ ਸਕਦੀ। ਇਸ ਕਰਕੇ ਪੁਰਾਤਨ ਗੀਤ ਦੇ ਵਿਕਾਸ ਲਈ ਗੁਰੂ ਦਰ ਪ੍ਰਵਾਨ ਸਾਜਾਂ ਦੀ ਵਰਤੋਂ ਵੀ ਅੱਤ ਜ਼ਰੂਰੀ, ਤਾਂ ਹੀ ਰਾਗ ਰੂਪ ਮਾਨ ਹੋ ਸਕਣਗੇ।


ਗੁਰ ਸੇਵਾ ਤੇ ਸਦਾ ਸੁਖੁ ਪਾਇਆ॥

HELP NEEDY

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ੍ਹ

PHONES : 701238, 713915, 701396

HELP NEEDY

**IN THE SERVICE OF HUMANITY**


Life is a gift to be used every day,
Not to be smothered and hidden away;
It isn't a thing to be stored in a chest,
Where you gather your keepsakes and treasure your best;
It isn't a joy to be stored now and then,
And promptly put back in a dark place again.

Life is a gift that the humblest may boast of,
And one that the humblest may well make most of.
Get out and live it each hour of the day,
Wear it and use it as much as you may;
Don't keep it in niches and corners and grooves,
You will find that in service its beauty improves.


*With best compliments from a wellwisher*

# ਡਾਕਟਰ ਨੇਕੀ ਨਾਲ਼ ਕੁਝ ਗੱਲਾਂ


## ਰੇਣੁਕਾ ਸਰਬਜੀਤ ਸਿੰਘ

ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ - 141 002


ਪਿਛਲੇ ਦਿਨੀਂ ਉੱਘੇ ਮਨੋਰੋਗ ਮਾਹਰ ਅਤੇ ਪੀ. ਜੀ. ਆਈ. ਚੰਡੀਗੜ੍ਹ ਦੇ ਸਾਬਕਾ ਡਾਇਰੈਕਟਰ ਡਾ. ਜਸਵੰਤ ਸਿੰਘ ਨੇਕੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੇਂਦਰੀ ਦਫਤਰ ਵਿਖੇ ਆਏ। ਆਪਣੀ ਤੀਖਣ ਵਿਵੇਕਸ਼ੀਲ ਬੁੱਧੀ, ਮਿੱਠ ਬੋਲੜੇ ਤੇ ਹਸਮੁੱਖ ਸੁਭਾਅ ਰਾਹੀਂ ਉਨ੍ਹਾਂ ਹਮੇਸ਼ਾਂ ਵਾਂਗ ਸਾਨੂੰ ਸਭਨਾਂ ਨੂੰ ਆਨੰਦਿਤ ਕੀਤਾ। ਡਾਕਟਰ ਨੇਕੀ ਨਾਲ ਹੋਈਆਂ ਕੁਝ ਗੱਲਾਂ ਇਉਂ ਹਨ :

◆ ਸਾਡੀ ਓਟ ਸੰਗਤ ਹੈ। ਕਿਸੇ ਨੇਕ ਕਾਰਜ ਲਈ ਅਸੀਂ 300 ਗੁਰਦੁਆਰਿਆਂ ਨੂੰ ਚਿੱਠੀਆਂ ਪਾਈਆਂ ਪਰ ਕਿਸੇ ਨੇ ਸਹਿਯੋਗ ਨਹੀਂ ਦਿੱਤਾ। ਪਰ ਜਦ ਸੰਗਤ ਕੋਲ ਅਪੀਲ ਕੀਤੀ ਤਾਂ ਆਸ ਨਾਲੋਂ ਵੱਧ ਸਹਿਯੋਗ ਮਿਲਿਆ।

◆ ਕਹਿੰਦੇ ਇੱਕ ਵਾਰੀ ਕਾਰ ਸੇਵਾ ਚਲ ਰਹੀ ਸੀ ਤਾਂ ਅਮਰੀਕਾ ਤੋਂ ਇੱਕ ਬੜਾ ਹੀ ਧਨਾਢ ਗੁਰਸਿੱਖ ਆ ਕੇ ਸੰਗਤਾਂ ਨੂੰ ਕਹਿਣ ਲੱਗਾ ਕਿ ਮੈਨੂੰ ਵੀ ਕੁਝ ਸੇਵਾ ਦੱਸੋ। ਸੰਗਤਾਂ ਨੇ ਕਿਹਾ ਇਹ ਟੋਕਰੀ ਚੱਕ ਲੈ। ਹੋਰ ਸੇਵਾ ਦੱਸੋ। ਸੰਗਤਾਂ ਨੇ ਕਿਹਾ ਦੋ ਟੋਕਰੀਆਂ ਚੱਕ ਲੈ। ਪਰ ਸਿੰਘ ਨੇ ਕਿਹਾ ਨਹੀਂ ਜੀ ਵੱਡੀ ਸੇਵਾ ਦੱਸੋ। ਅੱਗੋਂ ਸੰਗਤਾਂ ਨੇ ਜਵਾਬ ਦਿੱਤਾ, ਤਿੰਨ-ਚਾਰ-ਪੰਜ ਜਿੰਨੀਆਂ ਵੱਧ ਚੱਕ ਸਕਦਾ ਹੈ ਉਨੀਆਂ ਵੱਧ ਚੱਕ ਲੈ ਭਾਈ। ਪਰ ਪੈਸੇ ਦੇ ਗਰੂਰ ਵਿੱਚ ਮਸਤਿਆ ਉਹ ਸਿੱਖ ਅੱਗੋਂ ਕਹਿਣ ਲੱਗਾ ਕੋਈ ਕੰਮ ਦੀ ਸੇਵਾ ਦੱਸੋ। ਅੱਗੋਂ ਸੰਗਤਾਂ ਨੇ ਕਿਹਾ ਕਿ ਭਾਈ ਟੋਕਰੀ ਚੱਕਣੀ ਐ ਤਾਂ ਚੱਕ, ਇੱਥੇ ਤਾਂ ਸਭ ਤੋਂ ਵੱਡੀ ਸੇਵਾ ਇਹੀ ਹੈ।

◆ ਇੱਕ ਹੋਰ ਗੱਲ ਦੱਸਦਿਆਂ ਡਾਕਟਰ ਨੇਕੀ ਨੇ ਕਿਹਾ "ਅਸੀਂ ਕਾਲਜ ਵਿੱਚ ਪੜ੍ਹਦੇ ਸੀ। ਇੱਕ ਵਾਰੀ ਗੁਰਮਤਿ ਕੈਂਪ ਲਗਾਉਣ ਦਾ ਮਨ ਬਣਿਆ। ਕੈਂਪ ਲਈ ਪੈਸੇ ਦੀ ਲੋੜ ਸੀ, ਸੋ ਕਿਸੇ ਧਨਾਢ ਕੋਲ ਗਏ। ਉਸ ਨੇ 100 ਰੁਪਏ ਦਿੱਤੇ। ਮੈਂ ਕਿਹਾ ਇੰਨੇ ਨਾਲ ਕੀ ਬਣੇਗਾ। ਫਿਰ ਮਨ ਆਇਆ ਕਿ ਧਨਾਢਾਂ ਕੋਲ ਮੰਗਣ ਦੀ ਬਜਾਏ ਕਿਉਂ ਨਾ ਵਾਹਿਗੁਰੂ ਕੋਲੋਂ ਮੰਗਿਆ ਜਾਵੇ। ਗੁਰਦੁਆਰਾ ਸਾਹਿਬ ਗਏ ਉੱਥੇ ਭਾਈ ਸਮੁੰਦ ਸਿੰਘ ਜੀ ਕੀਰਤਨ ਕਰ ਰਹੇ ਸਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਸ੍ਰ. ਭਾਨ ਸਿੰਘ ਜੀ ਵੀ ਉੱਥੇ ਸਨ। ਸਕੱਤਰ ਜੀ ਪਾਸੋਂ ਦੋ ਮਿੰਟ ਦਾ ਸਮਾਂ ਲੈ ਕੇ ਮੈਂ ਸੰਗਤ ਸਾਹਮਣੇ ਅਪੀਲ ਕੀਤੀ। "ਸਾਧ ਸੰਗਤ ਜੀ, ਬਜ਼ੁਰਗਾਂ ਦੀ ਡਿਊਟੀ ਸੀ ਸਾਨੂੰ ਪੜ੍ਹਾਉਣ ਦੀ। ਉਹ ਸਾਨੂੰ ਪੜ੍ਹਾ ਨਹੀਂ ਰਹੇ, ਸੋ ਅਸੀਂ ਆਪ ਹੀ ਆਪਣੇ ਆਪ ਨੂੰ ਗੁਰਮਤਿ ਪੜ੍ਹਾਉਣ ਲਈ ਕੈਂਪ ਲਗਾ ਰਹੇ ਹਾਂ, ਸਾਡੀ ਮਦਦ ਕਰੋ।" ਉਸ ਵੇਲੇ ਭਾਈ ਸਮੁੰਦ ਸਿੰਘ ਜੀ ਨੇ ਭੇਟਾ ਦੇ 51 ਰੁਪਏ ਅਤੇ 50 ਰੁਪਏ ਆਪਣੇ ਕੋਲੋਂ ਪਾ ਕੇ 101 ਰੁਪਏ ਸਾਨੂੰ ਦਿੱਤੇ। ਨਾਲ ਹੀ ਸਾਰੀ ਸੰਗਤ ਨੇ ਮਾਇਆ ਦੀ ਵੱਡੀ ਸਾਰੀ ਢੇਰੀ ਲਗਾ ਦਿੱਤੀ। ਸੋ ਮੇਰਾ ਤਾਂ ਵਿਸ਼ਵਾਸ਼ ਪੱਕ ਗਿਆ ਕਿ ਜੋ ਵੀ ਮੰਗਣਾ ਹੈ ਵਾਹਿਗੁਰੂ ਤੋਂ ਮੰਗੋ, ਮਿਲ ਜਾਵੇਗਾ। ਮਨੁੱਖਾਂ ਤੋਂ ਮੰਗਣ ਨਾਲ ਨਿਰਾਸ਼ਾ ਮਿਲਦੀ ਹੈ ਵਾਹਿਗੁਰੂ ਤੋਂ ਮੰਗਿਆ ਸਭ ਕੁਝ ਮਿਲਦਾ ਹੈ।"

◆ ਇੱਕ ਹੋਰ ਗੱਲ ਸੁਣਦਿਆਂ ਡਾਕਟਰ ਨੇਕੀ ਨੇ ਕਿਹਾ ਕਿ ਦੇਸ਼ ਦੀ ਵੰਡ ਵੇਲੇ ਜਦੋਂ ਉਹ ਲਾਹੌਰ ਤੋਂ ਅੰਮ੍ਰਿਤਸਰ ਆਏ ਤਾਂ ਉਹਨਾਂ ਕੋਲ ਰੋਟੀ ਖਾਣ ਜੋਗੇ ਵੀ ਪੈਸੇ ਨਹੀਂ ਸਨ। ਕੋਈ ਪੁਰਾਣਾ ਵਾਕਫ਼ ਮਿਲ ਗਿਆ ਜਿਸ ਦਾ ਆਪਣਾ ਢਾਬਾ ਸੀ। ਉਸ ਨੇ ਕਿਹਾ ਤੁਸੀਂ ਮੇਰੇ ਕੋਲੋਂ ਰੋਟੀ ਖਾ ਲਉ। ਜਦੋਂ ਪੈਸੇ ਹੋਣ ਦੇ ਦੇਣਾ। ਕੁਝ ਸਮਾਂ ਲੰਘ ਗਿਆ। ਕਾਲਜ ਵਿੱਚ ਪੜ੍ਹਨ ਲਈ ਕੋਲ ਫੀਸ ਨਹੀਂ ਸੀ। ਬੜਾ ਸੋਚੀਂ ਪਿਆ ਰਿਹਾ ਕਿ ਜੇ ਫੀਸ ਨਾ ਮਿਲੀ ਤਾਂ ਮੈਂ ਡਾਕਟਰ ਨਹੀਂ ਬਣ ਸਕਾਂਗਾ। ਇੱਕ ਬਜ਼ੁਰਗ ਮਿਲੇ, ਕਹਿੰਦੇ, ਮੈਂ ਬਾਹਰ ਚੱਲਿਆਂ ਹਾਂ ਇਹ ਮੇਰੇ 2000 ਰੁਪਏ ਆਪਣੇ ਕੋਲ ਰੱਖ ਲੈ। ਜਦੋਂ ਮੈਂ ਕੁਝ ਸਾਲਾਂ ਪਿੱਛੋਂ ਵਾਪਸ ਆਵਾਂਗਾ ਤਾਂ ਮੋੜ ਦੇਵੀਂ। ਮੈਂ ਕਿਹਾ ਮੇਰੇ ਕੋਲ ਖ਼ਰਚ ਹੋ ਜਾਣਗੇ। ਉਸ ਬਜ਼ੁਰਗ ਨੇ ਕਿਹਾ ਕੋਈ ਨਹੀਂ ਜਦੋਂ ਹੋਵੇ ਮੋੜ ਦੇਵੀਂ। ਮੈਂ ਫੀਸ ਜਮ੍ਹਾਂ ਕਰਵਾ ਦਿੱਤੀ। ਸਮੇਂ ਨਾਲ ਜਦੋਂ ਮੈਂ ਜੂਨੀਅਰ ਡਾਕਟਰ ਬਣਿਆਂ ਤਾਂ ਕੁਝ ਮਹੀਨਿਆਂ ਦੀ ਤਨਖਾਹ ਇਕੱਠੀ ਮਿਲੀ। ਮੈਂ ਸੋਚਿਆ ਅੱਜ ਇਕੱਠੇ ਪੈਸੇ ਮਿਲੇ ਹਨ ਕੁਝ ਖ਼ੁਸ਼ੀ ਮਨਾਵਾਂਗੇ, ਸਮਾਨ ਖਰੀਦਾਂਗੇ। ਪਰ ਕਾਲਜ ਤੋਂ ਬਾਹਰ ਨਿਕਲਿਆਂ ਤਾਂ ਉਹੀ ਬਜ਼ੁਰਗ ਮਿਲ ਪਏ ਅਤੇ ਮੈਂ ਉਨ੍ਹਾਂ ਦੇ 2000 ਰੁਪਏ ਮੋੜ ਦਿੱਤੇ। ਅੱਜ ਮੈਂ ਸੋਚਦਾ ਹਾਂ ਕਿ ਉਸ ਬਜ਼ੁਰਗ ਦੇ ਰੂਪ ਵਿੱਚ ਗੁਰੂ ਨੇ ਹੀ ਮੇਰੀ ਮਦਦ ਕੀਤੀ। ☬

# ਆਓ ਤਬਲਾ ਸਿੱਖੀਏ

## ਗੁਰਜੰਤ ਸਿੰਘ ਰਾਹੀ

ਗੁਰਮਤਿ ਸੰਗੀਤ ਵਿਦਿਆਲਾ, ਬੀ-367, ਸੇਖੂਪੁਰਾ, ਸੁਨਾਮੀ ਗੇਟ, ਸੰਗਰੂਰ

ਗੁਰਮਤਿ ਸੰਗੀਤ ਵਿਦਿਆਲੇ ਵਿੱਚ ਉਸਤਾਦ ਜੀ ਤਬਲੇ ਬਾਰੇ ਵਿਦਿਆਰਥੀਆਂ ਕੋਲੋਂ ਪਿਛਲਾ ਸਬਕ ਸੁਣ ਰਹੇ ਹਨ। ਨਾਲ ਦੀ ਨਾਲ ਗ਼ਲਤੀਆਂ ਦੀ ਸੁਧਾਈ ਕਰਵਾਈ ਜਾਂਦੇ ਹਨ। ਸਾਰਿਆਂ ਕੋਲੋਂ ਸਬਕ ਸੁਣਨ ਤੋਂ ਬਾਦ ਵਿਦਿਆਰਥੀਆਂ ਨੂੰ ਆਪਣੇ ਕੋਲ ਆਉਣ ਲਈ ਕਹਿੰਦੇ ਹਨ। ਸਾਰੇ ਵਿਦਿਆਰਥੀ ਅਰਧ ਗੋਲ ਚੱਕਰ ਵਿੱਚ ਉਸਤਾਦ ਜੀ ਦੇ ਸਾਹਮਣੇ ਬੈਠ ਜਾਂਦੇ ਹਨ। ਤਬਲਾ ਉਸਤਾਦ ਜੀ ਦੇ ਕੋਲ ਪਿਆ ਹੈ। ਅੱਜ ਮੈਂ ਤੁਹਾਨੂੰ ਮੁਖੜਾ-ਮੋਹਰਾ ਅਤੇ ਉਠਾਨ ਬਾਰੇ ਦੱਸਾਂਗਾ।

ਤਬਲੇ ਦੇ ਬੋਲਾਂ ਦਾ ਉਹ ਸਮੂਹ ਜਿਸ ਨੂੰ ਵਜਾ ਕੇ ਤਬਲਾ ਵਾਦਕ ਗਾਇਕ ਜਾਂ ਵਾਦਕ ਦੇ ਸਮ ਨਾਲ ਮਿਲਦਾ ਹੈ। ਉਸ ਨੂੰ ਮੋਹਰਾ ਜਾਂ ਮੁਖੜਾ ਆਖਦੇ ਹਨ ਇਹ ਤਿਹਾਈ ਸਹਿਤ ਜਾਂ ਤਿਹਾਈ ਰਹਿਤ ਵੀ ਹੋ ਸਕਦਾ ਹੈ। ਜਿਵੇਂ : 1) ਤਿਰਕਿਟ ਤਕਤਿਰ ਕਿਟਤਕ ਧਾਤੀ ਧਾ 2) ਧਾਗੇ ਤਿਰਕਿਟ ਤਿਕਤਕ ਤਿਰਕਿਟ ਧਾ 3) ਤਿਰਕਿਟ ਧਾਤਿਰ ਕਿਟਧਾ ਤਿਰਕਿਟ ਧਾ

ਇਨਾਂ ਨੂੰ ਤੀਨ ਤਾਲ ਵਿੱਚ ਬਾਰਾਂ ਮਾਤਰਾਂ ਵਜਾਉਣ ਤੋਂ ਬਾਦ ਤੇਰ੍ਹਵੀਂ ਮਾਤਰ ਤੋਂ ਸ਼ੁਰੂ ਕਰਾਂਗੇ।

ਬੂਟਾ ਸਿੰਘ : ਉਸਤਾਦ ਜੀ ਤੇਰਵੀਂ ਮਾਤਰ ਕਿਹੜੀ?

ਉਸਤਾਦ ਜੀ : ਗਿਣੋ

1 2 3 4 5 6 7 8
ਧਾ ਧਿੰ ਧਿੰ ਧਾ ਧਾ ਧਿੰ ਧਿੰ ਧਾ।

9 10 11 12 13 14 15
ਧਾ ਤਿੰ ਤਿੰ ਤਾ ਧਾਗੇ ਤਿਰਕਿਟ ਤਿਕਤਕ

16
ਤਿਰਕਿਟ ਧਾ

ਇਸ ਤਰ੍ਹਾਂ ਇਸ ਨੂੰ ਵਜਾਉਣਾ ਹੈ ਤਬਲੇ ਤੇ ਵਜਾ ਕੇ ਦਸਦੇ ਹੋਏ।

ਅਵਤਾਰ ਸਿੰਘ : ਮੋਹਰਾ ਤੇ ਮੁਖੜਾ ਦੋ ਵਖ-ਵਖ ਚੀਜ਼ਾਂ ਨਹੀਂ?

ਉਸਤਾਦ ਜੀ : ਬਹੁਤੇ ਵਿਦਵਾਨਾਂ ਦਾ ਮਤ ਹੈ ਕਿ ਇੱਕ ਚੀਜ ਦੇ ਹੀ ਦੋ ਨਾਂ ਹਨ। ਕੁਝ ਵਿਦਵਾਨ ਜੋ ਵੱਖ ਵੱਖ ਦੋ ਚੀਜ਼ਾਂ ਮੰਨਦੇ ਹਨ ਉਨ੍ਹਾਂ ਅਨੁਸਾਰ ਮੋਹਰਾ ਮੁਖੜੇ ਦੀ ਨਿਸਬਤ ਛੋਟਾ ਅਤੇ ਕੋਮਲ ਬੋਲਾਂ ਵਾਲਾ ਹੁੰਦਾ ਹੈ।

ਮੁਖੜਾ : ਮੋਹਰੇ ਤੋਂ ਵੱਡਾ ਅਤੇ ਜੋਰਦਾਰ ਬੋਲਾਂ ਦਾ ਹੁੰਦਾ ਹੈ।

ਉਠਾਨ : ਉਠਾਨ ਦਾ ਅਰਥ ਹੈ ਉਠਣਾ ਸ਼ੁਰੂ ਕਰਨਾ। ਤਬਲਾ ਵਾਦਕ ਜਦ ਤਬਲਾ ਸੋਲੋ ਸ਼ੁਰੂ ਕਰਦਾ ਹੈ ਤਾਂ ਪਹਿਲਾਂ ਉਠਾਨ ਨੂੰ ਬਰਾਬਰ ਦੀ ਲੈ ਵਿੱਚ ਵਜਾਉਂਦਾ ਹੈ ਫਿਰ ਦੁਗਨ ਵਿੱਚ। ਉਠਾਨ ਵਜਾਉਣ ਦਾ ਇਹ ਨੀਯਮ ਕੋਈ ਠੋਸ ਨਹੀਂ। ਵਾਦਕ ਦੀ ਆਪਣੀ ਮਰਜ਼ੀ ਅਤੇ ਤਿਆਰੀ ਉਪਰ ਨਿਰਭਰ ਕਰਦਾ ਹੈ। ਅਸੀਂ ਵੀ ਅੱਜ ਦੇ ਸਬਕ ਵਿੱਚ ਤੀਨ ਤਾਲ ਵਿੱਚ ਇੱਕ ਉਠਾਨ ਸ਼ੁਰੂ ਕਰਦੇ ਹਾਂ ਜਿਸਦੇ ਬੋਲ ਇਸ ਤਰ੍ਹਾਂ ਹਨ :

| | |
|---|---|
| ਧਾਗੇ ਤਿਟ ਤਾਕੇ ਤਿਟ | ਧਾਗੇ ਤਿਟ ਤਾਕੇ ਤਿਟ |
| ਕ੍ਰਿਧਾ ਤਿਟ ਧਾਗੇ ਤਿਟ | ਕ੍ਰਿਧਾ ਤਿਟ ਧਾਗੇ ਤਿਟ |
| ਕ੍ਰਿਧਾ ਤਿਟ ਕ੍ਰਿਧਾ ਤਿਟ | ਕ੍ਰਿਧਾ ਤਿਟ ਧਾਗੇ ਤਿਟ |
| ਕ੍ਰਿਧਾ ਤਿਟ ਧਾ ਕ੍ਰਿਧਾ | ਤਿਟ ਧਾ ਕ੍ਰਿਧਾ ਤਿਟ ਧਾ |

ਬਰਾਬਰ ਦੀ ਲੈ ਵਿੱਚ ਦੋ ਆਵਰਤਨ (ਚਕਰ) ਵਿੱਚ ਆਵੇਗਾ। ਦੁਗਨ ਦੀ ਲੈ ਵਿੱਚ ਸਮ ਤੋਂ ਸਮ ਪੂਰਾ ਆਵੇਗਾ। ਪਹਿਲਾਂ ਲੈ ਘੱਟ ਰੱਖਕੇ ਬਰਾਬਰ ਦੀ ਲੈ ਵਿੱਚ ਬਾਰ ਬਾਰ ਵਜਾਓ। ਜਦ ਬੋਲ ਹੱਥ ਦੀ ਪਕੜ ਵਿੱਚ ਆ ਜਾਣ ਤਾਂ ਦੁਗਣ ਵਿੱਚ ਵਜਾਉਣ ਦਾ ਅਭਿਆਸ ਕਰੋ।

ਕੁਲਦੀਪ : ਗੁਰੂ ਜੀ ਲੈਅ ਕਿਸ ਨੂੰ ਆਖਦੇ ਹਨ?

"ਲੈਅ ਦੇ ਅੱਖਰੀ ਅਰਥ ਹਨ ਚਾਲ ਜਾਂ ਸਪੀਡ ਪਰ ਸੰਗੀਤ ਦੇ ਖੇਤਰ ਵਿੱਚ ਗਾਇਨ ਵਾਦਨ ਅਤੇ ਨਰਿਤ ਵਿੱਚ ਸਮੇਂ ਦੀ ਸਮਾਨ ਗਤੀ ਨੂੰ ਲੈਅ ਆਖਦੇ ਹਨ। ਮੁੱਖ ਤੌਰ ਤੇ ਲੈਅ ਤਿੰਨ ਪ੍ਰਕਾਰ ਦੀ ਹੁੰਦੀ ਹੈ।

1. ਬਿਲੰਬਿਤ ਲੈਅ : ਇਸਦੀ ਚਾਲ ਬਹੁਤ ਹੌਲੀ ਹੁੰਦੀ ਹੈ ਮਾਤਰ ਤੋਂ ਮਾਤਰ ਦਾ ਫਾਸਲਾ ਜ਼ਿਆਦਾ ਰਹਿੰਦਾ ਹੈ ਜਿਵੇਂ ਗਾਇਨ ਵਿੱਚ ਵੱਡਾ ਖਿਆਲ ਜਾਂ ਕੀਰਤਨ ਵਿੱਚ ਬੰਦਨਾ ਡੰਡਾਉਤ ਵੇਲੇ ਜਿਸ ਤਾਲ ਦਾ ਠੇਕਾ ਲਗਦਾ ਹੈ ਉਹ ਬਿਲੰਬਿਤ ਲੈਅ ਵਿੱਚ ਹੁੰਦਾ ਹੈ। ਜ਼ਿਆਦਾਤਰ ਇਹ ਠੇਕਾ ਏਕ ਤਾਲ ਦਾ ਹੀ ਰੱਖਿਆ ਜਾਂਦਾ ਹੈ।

2. ਮਧ ਲੈਅ : ਮਧ ਲੈਅ ਦਾ ਅਰਥ ਹੈ ਵਿਚਕਾਰ ਦੀ ਲੈਅ। ਜੋ ਨਾ ਬਹੁਤ ਜ਼ਿਆਦਾ ਤੇਜ ਤੇ ਨਾ ਹੀ ਜ਼ਿਆਦਾ ਹੌਲੀ। ਜ਼ਿਆਦਾਤਰ ਸ਼ਬਦ ਕੀਰਤਨ, ਗੀਤ ਗਜਲਾਂ ਆਦਿ ਮਧ ਲੈਅ ਵਿੱਚ ਹੁੰਦੇ ਹਨ।

3. ਦਰੁਤ ਲੈਅ : ਦਰੁਤ ਦਾ ਅਰਥ ਹੈ ਤੇਜ। ਜਿਵੇਂ ਗਾਇਨ ਵਿੱਚ ਤਰਾਨਾ ਅਤੇ ਵਾਦਨ ਵਿੱਚ

ਝਾਲਾ ਜਾ ਰਜ਼ਾਖਾਨੀ ਗਤ ਦਰੁਤ ਲੈ ਵਿੱਚ ਹੁੰਦੀ ਹੈ।

ਕੁਝ ਵਿਦਵਾਨਾਂ ਅਨੁਸਾਰ ਬਿਲੰਬਿਤ ਲੈਅ ਦੀ ਦੁੱਗਣੀ ਮਧ ਲੈਅ ਅਤੇ ਮਧ ਲੈਅ ਦੀ ਦੁਗਣੀ ਦਰੁਤ ਲੈਅ ਹੁੰਦੀ ਹੈ।

ਲੈਅਕਾਰੀ : ਗਾਇਨ ਵਿੱਚ ਜਿੰਨਾ ਸੁਰ ਦਾ ਮਹੱਤਵ ਹੈ ਤਬਲਾ ਵਾਦਨ ਵਿੱਚ ਉੱਨਾ ਹੀ ਲੈਅ ਅਤੇ ਲੈਅਕਾਰੀ ਦਾ ਸਥਾਨ ਹੈ।

ਸੰਗੀਤ ਵਿੱਚ ਲੈਅ ਇੱਕ ਧੁਰੇ ਦਾ ਕੰਮ ਕਰਦੀ ਹੈ ਜਿਸ ਦੇ ਨੀਂਹ ਰੂਪ ਹੈ। ਜਦੋਂ ਇਸੀ ਨੀਂਹ ਉੱਪਰ ਵੱਖ ਵੱਖ ਤਰ੍ਹਾਂ ਦੀਆਂ ਲੈਆਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ ਤਾਂ ਉਸਨੂੰ ਲੈਅਕਾਰੀ ਆਖਦੇ ਹਨ। ਜਿਵੇਂ ਗਾਇਕ ਵਾਦਕ ਜਾਂ ਨਰਿਤਕਾਰ ਸਭ ਤੋਂ ਪਹਿਲਾਂ ਆਪਣੀ ਲੈਅ ਨਿਸਚਿਤ ਕਰਕੇ ਫਿਰ ਉਸੇ ਲੈਅ ਵਿੱਚ ਕਦੇ ਇੱਕ ਮਾਤਰ ਵਿੱਚ ਦੋ ਮਾਤਰਾਂ ਕਦੇ ਤਿੰਨ, ਕਦੇ ਚਾਰ, ਕਦੇ ਇੱਕ ਵਿੱਚ ਡੇਢ ਕਦੇ ਪੌਣੇ ਦੋ ਮਾਤਰਾਂ ਬੋਲ ਕੇ ਜਾਂ ਵਜਾ ਕੇ ਵਿਖਾਉਂਦਾ ਹੈ ਤਾਂ ਇਨ੍ਹਾਂ ਨੂੰ ਲੈਅ ਕਾਰੀਆਂ ਆਖਿਆ ਜਾਂਦਾ ਹੈ।

ਜਿਵੇਂ ਇੱਕ ਮਾਤਰਾ ਵਿੱਚ ਦੋ ਮਾਤਰਾ ਬੋਲਣਾ ਜਾਂ ਵਜਾਉਣਾ 'ਦੁਗਣ' ਕਹਾਉਂਦਾ ਹੈ ਜਿਵੇਂ ਚਾਰ ਅੰਕਾਂ ਨੂੰ ਦੋ ਮਾਤਰਾਂ ਵਿੱਚ ਲਿਖਣਾ 12 34

ਤਿਗੁਨ : ਇੱਕ ਮਾਤਰ ਵਿੱਚ ਤਿੰਨ ਮਾਤਰਾਂ ਜਿਵੇਂ ਛੇ ਅੰਕਾਂ ਨੂੰ ਦੋ ਮਾਤਰਾਂ ਵਿੱਚ ਲਿਖਣਾ 123 456

ਚੌਗੁਣ : ਇੱਕ ਮਾਤਰ ਵਿੱਚ ਚਾਰ 1234

ਇਸੇ ਤਰ੍ਹਾਂ ਪੰਜ ਗੁਣ, ਛੇ ਗੁਣ, ਸਤ ਗੁਣ ਅਠ ਗੁਣ ਕਰ ਸਕਦੇ ਹਾਂ। ਇੱਕ ਮਾਤਰ ਵਿੱਚ ਜਿੰਨੀਆਂ ਮਾਤਰਾਂ ਬੋਲਾਂਗੇ ਜਾਂ ਵਜਾਵਾਂਗੇ ਉਨੇ ਗੁਣ ਲੈਅਕਾਰੀ ਹੋਵੇਗੀ। ਉਪਰੋਕਤ ਸਾਰੀਆਂ ਲੈਅਕਾਰੀਆਂ ਸਿੱਧੀਆਂ ਲੈਅਕਾਰੀਆਂ ਹਨ।

ਮਾਤਰਾਂ : ਹੱਥ ਨਾਲ ਲਗਾਤਾਰ ਤਾਲੀ ਦੇਈਏ ਤਾਂ ਦੋ ਤਾਲੀਆਂ ਦੇ ਵਿਚਕਾਰ ਇੱਕ ਮਾਤਰ ਬਣ ਜਾਂਦੀ ਹੈ। ਮਾਤਰ ਅਸਲ ਵਿੱਚ ਤਾਲ ਨੂੰ ਮਾਪਣ ਦਾ ਇੱਕ ਸਾਧਨ ਹੈ।

ਤਾਲ : ਲੈਅ ਤੋਂ ਮਾਤਰਾਂ ਅਤੇ ਮਾਤਰਾਂ ਤੋਂ ਤਾਲ ਦੀ ਰਚਨਾ ਹੋਈ। ਮਾਤਰਾ ਦੀ ਵੱਖ ਵੱਖ ਗਿਣਤੀ ਤੋਂ ਵੱਖ ਵੱਖ ਤਾਲ ਹੋਂਦ ਵਿੱਚ ਆਏ। ਸੰਗੀਤ ਵਿੱਚ ਸਮਾਂ ਨਾਪਣ ਦੇ ਸਾਧਨ (ਯੰਤਰ) ਨੂੰ ਤਾਲ ਕਹਿੰਦੇ ਹਨ। ਤਾਲ ਅਨੇਕ ਹਨ ਜੋ ਵੱਖ ਵੱਖ ਮਾਤਰਾਂ ਦੇ ਸਮੂਹ ਤੇ ਅਧਾਰਤ ਹਨ। ਜਿਵੇਂ : ਦਾਦਰਾ 6 ਮਾਤਰਾਂ ਦਾ, ਰੂਪਕ ਤਾਲ 7 ਮਾਤਰਾਂ ਦਾ, ਕਹਿਰਵਾ ਤਾਲ ਅੱਠ ਮਾਤਰਾਂ ਦਾ, ਝਪ ਤਾਲ 10 ਮਾਤਰਾਂ ਦਾ, ਏਕ ਤਾਲ 12 ਮਾਤਰਾਂ ਦਾ ਅਤੇ ਤੀਨ ਤਾਲ 16 ਮਾਤਰਾਂ ਦਾ ਤਾਲ ਹੈ।

ਸਮ : ਹਰੇਕ ਤਾਲ ਦੀ ਪਹਿਲੀ ਮਾਤਰਾ ਉਪਰ ਸਮ ਮੰਨਿਆ ਜਾਂਦਾ ਹੈ। ਸਮ ਤਾਲ ਦਾ ਉਹ ਸਥਾਨ ਹੈ ਜਿੱਥੋਂ ਗਾਇਨ ਵਾਦਨ ਨਰਿਤ ਵਿੱਚ ਤਾਲ ਦਾ ਠੇਕਾ ਆਰੰਭ ਕੀਤਾ ਜਾਂਦਾ ਹੈ। ਸਮ ਉਹ ਸਥਾਨ ਹੈ ਜਿੱਥੇ ਗਾਇਕ ਅਤੇ ਤਬਲਾ ਵਾਦਕ ਸੰਗਤ ਕਰਦੇ ਹੋਏ ਮਿਲਦੇ ਹਨ। ਜਿਸ ਨਾਲ ਸਰੋਤਿਆਂ ਦੇ ਮੂੰਹੋਂ 'ਵਾਹ' ਨਿਕਲਦਾ ਹੈ ਤੇ ਸਭ ਦੇ ਸਿਰ ਆਪਣੇ ਆਪ ਹਿਲ ਜਾਂਦੇ ਹਨ। ਸਮ ਨੂੰ ਬਜ਼ੁਰਗ ਗੁਰ ਵੀ ਆਖਦੇ ਸਨ। ਭਾਤਖੰਡੇ ਲਿਪੀ ਦੁਆਰਾ ਪਹਿਲੀ ਮਾਤਰ ਤੇ ਕਾਟੇ ਦਾ X ਨਿਸ਼ਾਨ ਸਮ ਨੂੰ ਦਰਸਾਉਂਦਾ ਹੈ।

ਵਿਭਾਗ : ਹਰੇਕ ਤਾਲ ਦੋ ਤਰ੍ਹਾਂ ਦੇ ਭਾਗਾਂ ਵਿੱਚ ਵੰਡਿਆ ਹੁੰਦਾ ਹੈ ਭਰੇ ਜਾਂ ਤਾਲੀ ਵਾਲੇ ਭਾਗ ਅਤੇ ਖਾਲੀ ਵਾਲੇ ਭਾਗ। ਤਾਲ ਦਾ ਭਰਿਆ ਜਾਂ ਖਾਲੀ ਭਾਗ ਉਸ ਭਾਗ ਦੀ ਪਹਿਲੀ ਮਾਤਰਾ ਤੋਂ ਆਰੰਭ ਹੁੰਦਾ ਹੈ। ਭਾਗਾਂ ਦੀ ਪਹਿਲੀ ਮਾਤਰਾਂ ਤੋਂ ਆਰੰਭ ਹੁੰਦਾ ਹੈ। ਭਾਗਾਂ ਦੀ ਵੰਡ ਮੁਤਾਬਕ ਹੀ ਤਾਲ ਬਦਲ ਜਾਂਦਾ ਹੈ। ਜਿਵੇਂ ਝਪ ਤਾਲ ਦੇ ਬੋਲਾਂ ਤੋਂ ਹੀ ਆਪਣੇ ਆਪ ਵਿੱਚ ਸ਼ਪਸਟ ਹੋ ਜਾਂਦਾ ਹੈ ਕਿ ਤਾਲ ਦਾ ਇਹ ਚਲਨ 2,3,2,3 ਮਾਤਰਾਂ ਦੇ ਭਾਗਾਂ ਵਿੱਚ ਫਿਟ ਆਉਂਦਾ ਹੈ। ਤੀਨ ਤਾਲ ਵਿੱਚ ਭਰੇ ਹੋਏ ਭਾਗ ਜ਼ਿਆਦਾ ਹੁੰਦੇ ਹਨ। ਇੱਕ ਭਾਗ ਇੱਕ ਮਾਤਰ ਦਾ ਵੀ ਹੋ ਸਕਦਾ ਹੈ ਤੇ ਵਧ ਵੀ। ਤਾਲ ਦੇ ਵਿਭਾਗਾਂ ਤੋਂ ਹੀ ਗਾਇਕ ਵਾਦਕ ਸਮ ਦੀ ਦੂਰੀ ਨੂੰ ਜਾਂਚ ਲੈਂਦਾ ਹੈ।

ਤਾਲੀ ਖਾਲੀ : ਹਰ ਤਾਲ ਵਿੱਚ ਦੋ ਪ੍ਰਕਾਰ ਦੇ ਭਾਗ ਹੁੰਦੇ ਹਨ। ਜਿੱਥੇ ਤਾਲੀ ਲਗਦੀ ਹੈ ਉਹ ਤਾਲੀ ਵਾਲਾ ਤੇ ਜਿੱਥੇ ਤਾਲੀ ਨਹੀਂ ਦਿੱਤੀ ਜਾਂਦੀ ਉਹ ਖਾਲੀ ਹੈ। ਜਿਵੇਂ ਤੀਨ ਤਾਲ ਵਿੱਚ ਪਹਿਲੀ ਮਾਤਰਾ ਤੇ ਸਮ ਦੀ ਤਾਲੀ ਪੰਜਵੀਂ ਤੇ ਦੂਜੀ ਤਾਲੀ ਤੇਰਵੀ ਮਾਤਰ ਤੇ ਤੀਜੀ ਤਾਲੀ ਅਤੇ 9ਵੀਂ ਮਾਤਰ ਤੇ ਖਾਲੀ। ਖਾਲੀ ਦਾ ਨਿਸ਼ਾਨ ਲਿਖਣ ਲਈ ਨੌਵੀਂ ਮਾਤਰ ਤੇ 0 'ਜ਼ੀਰੋ' ਦਾ ਨਿਸ਼ਾਨ ਦਿੱਤਾ ਜਾਂਦਾ ਹੈ।

ਆਵਰਤਨ : ਤਾਲ ਦੇ ਇੱਕ ਚੱਕਰ ਨੂੰ ਆਵਰਤਨ ਕਹਿੰਦੇ ਹਨ ਸਮ ਤੋਂ ਸਮ ਤਕ ਦਾ ਇੱਕ ਚੱਕਰ ਇੱਕ ਆਵਰਤਨ ਹੈ। ਜਿਵੇਂ ਤੀਨ ਤਾਲ ਦਾ ਠੇਕਾ ਪਹਿਲੀ ਮਾਤਰਾ ਤੋਂ 16 ਮਾਤਰਾਂ ਦਾ ਇੱਕ ਚੱਕਰ ਇੱਕ ਆਵਰਤਨ ਹੈ। ਜਦੋਂ ਦੋ ਵਾਰ ਵਜਾਇਆ ਜਾਵੇ ਤਾਂ ਦੋ ਆਵਰਤਨ।

# ਮਹਾਨ ਕੀਰਤਨੀਏ-ਰਾਗੀ ਜਸਵੰਤ ਸਿੰਘ ਜੀ 'ਤੀਬਰ'

## ਭਾਈ ਅਵਤਾਰ ਸਿੰਘ 'ਹੰਸ'

ਗੁਰੂ ਅਰਜਨ ਕੀਰਤਨ ਐਕਡਮੀ, ਗੁਰੂ ਨਾਨਕ ਪੁਰਾ, ਸੰਗਰੂਰ

ਗੁਰਬਾਣੀ ਕੀਰਤਨ ਮਨੁੱਖ ਮਾਤਰ ਦੀ ਤ੍ਰਿਸ਼ਨਾ ਅਗਨੀ ਨੂੰ ਸ਼ਾਂਤ ਅਤੇ ਨਿਰਮਲ ਕਰਕੇ ਹਿਰਦੇ ਨੂੰ ਅਨੰਦਿਤ ਕਰ ਕੇ ਸਦ ਗੁਣ ਗ੍ਰਹਿਣ ਕਰਨ ਦੇ ਯੋਗ ਬਣਾਉਂਦਾ ਹੈ।

ਸੁੱਧ ਤੇ ਅਨੰਦਿਤ ਹੋਇਆ ਹਿਰਦਾ ਪ੍ਰਉਪਕਾਰੀ ਹੁੰਦਾ ਹੈ। ਉਹ ਸਦਾ ਹੀ ਪ੍ਰਉਕਾਰ ਕਰਨ ਲਈ ਉਤਾਵਲਾ ਰਹਿੰਦਾ ਹੈ। ਦੂਸਰਿਆਂ ਦੇ ਕੰਮ ਆਉਣਾ ਤੇ ਕਿਸੇ ਲੋੜਵੰਦ ਦੀ ਲੋੜ ਪੂਰੀ ਕਰਨਾ ਉਸਦੀ ਸਭ ਤੋਂ ਵੱਡੀ ਖੁਸ਼ੀ ਹੁੰਦੀ ਹੈ।

ਐਸੇ ਹੀ ਪ੍ਰਉਪਕਾਰੀ ਸਨ ਮਹਾਨ ਸੰਗੀਤ ਆਚਾਰੀਆ ਉਸਤਾਦ ਰਾਗੀ ਜਸਵੰਤ ਸਿੰਘ ਜੀ ਤੀਬਰ ਰੁਲਾਰਾਂ ਵਾਲੇ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਕੀਰਤਨ ਰੂਪੀ ਖ਼ਜ਼ਾਨੇ ਨੂੰ ਖ਼ੂਬ ਵੰਡਿਆ। ਜਿਵੇਂ ਲੋਹਾ ਪਾਰਸ ਨਾਲ ਲੱਗ ਕੇ ਸੋਨਾ ਬਣ ਜਾਂਦਾ ਹੈ, ਇਸੇ ਤਰ੍ਹਾਂ ਰੂੜੀਆਂ ਦੇ ਢੇਰਾਂ ਵਿੱਚ ਰੁਲਦੇ ਹੋਏ ਕਈ ਸੈਂਕੜੇ ਲੋਹੇ ਦੇ ਟੁਕੜੇ ਇਸ ਪਾਰਸ ਨਾਲ ਲਗ ਕੇ ਖਰਾ ਸੋਨਾ ਬਣ ਗਏ। ਬਲਕਿ ਪਾਰਸ ਹੀ ਬਣ ਗਏ, ਹੋਰਨਾਂ ਨੂੰ ਸੋਨਾ ਬਣਾਉਣ ਦੀ ਕਾਬਲ ਹੋ ਗਏ ਰਾਗੀ ਜਸਵੰਤ ਸਿੰਘ ਜੀ ਦਾ ਜਨਮ 10 ਜੁਲਾਈ 1913 ਵਿੱਚ ਮਾਤਾ ਰਾਗ ਕੌਰ ਦੀ ਕੁੱਖੋਂ ਪਿਤਾ ਸ: ਕੇਹਰ ਸਿੰਘ ਜੀ ਦੇ ਗ੍ਰਿਹ 'ਪਿੰਡ ਕੁਲਾਰ' ਜਿਲ੍ਹਾ ਲੁਧਿਆਣਾ ਵਿਖੇ ਹੋਇਆ।

ਛੋਟੀ ਉਮਰ ਵਿੱਚ ਹੀ ਚੇਚਕ ਦੀ ਬਿਮਾਰੀ ਕਾਰਣ ਨੈਨਾ ਦੀ ਜੋਤ ਸਦਾ ਲਈ ਗਈ। ਇਸ ਕਰਕੇ ਸੰਸਾਰੀ ਵਿੱਦਿਆ ਦੇਣੀ ਤਾਂ ਸੰਭਵ ਨਹੀਂ ਸੀ ਇਸ ਲਈ ਮਾਪਿਆ ਨੇ ਇਹਨਾਂ ਨੂੰ ਰਾਗ ਵਿਦਿਆ ਦਿਵਾਉਣੀ ਮੁਨਾਸਿਬ ਸਮਝੀ। ਇਸ ਲਈ ਪਹਿਲਾਂ ਗੁਰਮਤਿ ਤੇ ਗੁਰਬਾਣੀ ਦੀ ਮੁੱਢਲੀ ਸਿੱਖਿਆ ਦੇਣ ਲਈ ਪਿੰਡ ਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਪੂਰਨ ਸਿੰਘ ਜੀ ਕੋਲ ਭੇਜ ਦਿੱਤਾ ਗਿਆ। ਭਾਈ ਸਾਹਿਬ ਜੀ ਨੇ ਇਹਨਾਂ ਨੂੰ ਸ਼ੁੱਧ ਉਚਾਰਨ ਸਹਿਤ ਨਿਤਨੇਮ ਦੀਆਂ ਪੰਜ ਬਾਣੀਆਂ ਅਤੇ ਹੋਰ ਸੈਂਕੜੇ ਸ਼ਬਦ ਕੰਠ ਕਰਵਾ ਦਿੱਤੇ। ਫਿਰ ਗਿਆਰਾਂ ਸਾਲ ਦੀ ਉਮਰ ਵਿੱਚ ਵਿਦਿਆ ਦੀ ਉੱਚ ਤਾਲੀਮ ਦੇਣ ਲਈ ਗੁਰਮਤਿ ਸੰਗੀਤ ਦੀ ਪ੍ਰਸਿੱਧ ਟਕਸਾਲ ਪਿੰਡ ਦੌਧਰ ਵਿਖੇ ਦਾਖ਼ਲ ਕਰਵਾ ਦਿੱਤਾ। ਇੱਥੇ ਆਪ ਜੀ ਨੇ ਬੜੀ ਮਿਹਨਤ ਤੇ ਲਗਨ ਨਾਲ ਰਾਗੀ ਉਸਤਾਦ ਜੈਮਲ ਸਿੰਘ ਜੀ ਪਾਸੋਂ ਰਾਗ ਵਿਦਿਆ ਦੀ ਪ੍ਰਾਪਤੀ ਕੀਤੀ। ਇਸੇ ਟਕਸਾਲ ਵਿੱਚ ਗੁਰਬਾਣੀ ਕੀਰਤਨ ਤੋਂ ਇਲਾਵਾ ਕਈ ਤੰਤੀ ਸਾਜਾਂ ਜਿਵੇਂ ਕਿ ਸਰੰਦਾ, ਤਾਊਸ, ਦਿਲਰੁਬਾ, ਵਾਇਲਨ, ਜਲ ਤਰੰਗ, ਆਦਿ ਸਾਜ ਵਜਾਉਣ ਵਿੱਚ ਮੁਹਾਰਤ ਹਾਸਲ ਕੀਤੀ ਅਤੇ ਪਖਾਵਜ ਅਤੇ ਤਬਲੇ ਦਾ ਵੀ ਖ਼ੂਬ ਅਭਿਆਸ ਕੀਤਾ ਪਖਾਵਜ ਪੰਜਾਬ ਘਰਾਣੇ ਦੀ ਬੇਸੁਮਾਰ ਸਮੱਗਰੀ ਪ੍ਰਾਪਤ ਕਰ ਲਈ ਅਤੇ ਚੰਗੇ ਪਖਾਵਜੀ ਬਣ ਗਏ। ਸੰਗੀਤ ਵਿੱਚੋਂ ਹੋਰ ਮੁਹਾਰਤ ਹਾਸਲ ਕਰਨ ਲਈ ਉਸ ਸਮੇਂ ਦੇ ਪ੍ਰਸਿੱਧ ਉਸਤਾਦ ਨੱਥੂ ਰਾਮ ਜੀ ਦੀ ਤਰਨਤਾਰਨ ਵਾਲਿਆਂ ਦੀ ਟਕਸਾਲ ਵਿੱਚ ਦਾਖ਼ਲ ਹੋ ਗਏ ਇੱਥੋਂ ਸੰਗੀਤ ਦੀਆਂ ਪੁਰਾਤਨ ਬੰਦਸਾਂ ਤੇ ਸੰਗੀਤ ਦੀਆਂ ਸਾਰੀਆਂ ਸ਼ੈਲੀਆਂ ਸਿੱਖ ਕੇ ਫਿਰ ਆਪ ਜੀ (ਮਿੰਟਗੁਮਰੀ) ਵਿਖੇ ਪ੍ਰਸਿੱਧ ਉਸਤਾਦ ਝੰਡੇ ਖਾਨ ਜੀ ਪਾਸ ਆ ਗਏ ਇੱਥੋਂ ਵੀ ਗੁਣ ਗ੍ਰਹਿਣ ਕੀਤਾ।

ਇਸ ਤੋਂ ਬਾਅਦ ਆਪ ਜੀ ਕਲਕੱਤੇ ਵਿਖੇ ਚਲੇ ਗਏ। ਇੱਥੇ ਵੀ ਉਸਤਾਦ ਸ਼ਾਮ ਗੰਗੋਲੀ ਜੀ ਪਾਸੋਂ ਸਿਤਾਰ ਸਿੱਖਦੇ ਰਹੇ। ਇੱਥੇ ਹੀ ਆਪ ਜੀ ਦਾ ਮੇਲ ਮਿਲਾਪ ਫ਼ਰੁਖਾਬਾਦ ਘਰਾਣੇ ਦੇ ਪ੍ਰਸਿੱਧ ਉਸਤਾਦ ਕਰਾਮਤ ਉਲਾ ਖਾਂ ਸਾਹਿਬ ਨਾਲ ਹੋਇਆ ਉਹਨਾਂ ਤੋਂ ਫ਼ਰੁਖਾ ਘਰਾਣੇ ਦੀ ਕਾਫੀ ਸਮੱਗਰੀ ਪ੍ਰਾਪਤ ਕੀਤੀ। ਫਿਰ ਆਪ ਜੀ ਸ਼ਾਸਤਰੀ ਸੰਗੀਤ ਦਾ ਅਧਿਐਨ ਕਰਨ ਲਈ ਲੁਧਿਆਣੇ ਵਿਖੇ ਉਸਤਾਦ ਲਛਮਣ ਸਿੰਘ ਜੀ 'ਗਧੰਰਬ' ਹੁਰਾਂ ਕੋਲ ਆ ਗਏ ਇੱਥੇ ਆਪ ਨੇ ਹਿੰਦੁਸਤਾਨੀ ਸੰਗੀਤ ਪੱਧਤੀ ਤੇ ਕਰਨਾਟਕੀ ਸੰਗੀਤ ਪੱਧਤੀ ਦੇ ਸੰਗੀਤਕ ਗ੍ਰੰਥਾਂ ਦਾ ਖ਼ੂਬ ਅਧਿਐਨ ਕੀਤਾ। ਗਾਇਕੀ ਦੀਆਂ ਸੂਖਮ ਬਰੀਕੀਆਂ ਸਮਝਣ ਲਈ ਆਪ ਫਿਰ ਆਗਰਾ ਘਰਾਣੇ ਦੇ ਪ੍ਰਸਿੱਧ ਗਾਇਕ ਉਸਤਾਦ ਫ਼ੈਅਜ ਖਾਂ ਸਾਹਿਬ ਦੇ ਸੰਪਰਕ ਵਿੱਚ ਆ ਗਏ ਇਹਨਾਂ ਤੋਂ ਵੀ ਗੁਣ ਗ੍ਰਹਿਣ ਕੀਤਾ। ਇਸ ਤਰ੍ਹਾਂ ਮਹਾਨ ਉਸਤਾਦਾਂ ਪਾਸੋਂ ਸਿਖਿਆ ਪ੍ਰਾਪਤ ਕਰਕੇ ਰਾਗੀ ਜਸਵੰਤ ਸਿੰਘ ਜੀ ਮਹਾਨ ਸੰਗੀਤਕਾਰ ਬਣ ਗਏ। ਸੰਗੀਤ ਦੀਆਂ ਪ੍ਰਸਿੱਧ ਸ਼ੈਲੀਆਂ ਧਰੁਪਦ, ਧਮਾਰ, ਖ਼ਿਆਲ, ਠੁਮਰੀ, ਤਰਾਨਾਂ ਆਦਿ ਦਾ ਗਾਇਨ ਕਰਨ ਵਿੱਚ ਉਚਕੋਟੀ ਦੇ ਗਾਇਕ ਬਣ ਗਏ। ਗਾਇਕੀ ਵਿੱਚ ਅਲਾਪ, ਤਾਨਾਂ, ਖਟਕਾ, ਮੁਰਕੀ, ਮੀੜ

ਆਦਿ ਦਾ ਪ੍ਰਯੋਗ ਬੜੀ ਕੁਸ਼ਲਤਾ ਨਾਲ ਕਰਦੇ ਸ਼ਾਸਤਰੀ ਗਾਇਕੀ ਤੋਂ ਇਲਾਵਾ ਆਪ ਜੀ ਉਚਕੋਟੀ ਦੇ ਟਕਸਾਲੀ ਕੀਤਰਨੀਏ ਸਨ। ਆਪ ਜੀ ਕੋਲ ਪੁਰਾਤਨ ਬੰਦਸ਼ਾਂ ਦਾ ਬੇਸੁਮਾਰ ਖ਼ਜ਼ਾਨਾ ਸੀ। ਗੁਰਮਤਿ ਸੰਗੀਤ ਪੱਧਤੀ ਦੇ ਮਹਾਨ ਵਿਦਵਾਨ ਸਨ। ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨ ਵਿੱਚ ਬਹੁਤ ਮਾਹਰ ਸਨ।

ਨਿਰਧਾਰਤ ਰਾਗਾਂ ਅਤੇ ਹੋਰ ਪ੍ਰਸਿੱਧ ਰਾਗਾਂ ਵਿੱਚ ਆਪ ਜੀ ਬੜੀ ਸਰਲਤਾ ਨਾਲ ਗਾਉਂਦੇ ਅਤੇ ਸਿਖਾਉਂਦੇ ਸਨ। 1939 ਤੋਂ ਲੈ ਕੇ 1982 ਤੱਕ ਰਾਗੀ ਜੀ ਨੇ ਬੇਅੰਤ ਸੰਗੀਤ ਵਿਦਿਆਲਿਆਂ ਵਿੱਚ ਰਹਿ ਕੇ ਹਜ਼ਾਰਾਂ ਹੀ ਵਿਦਿਆਰਥੀਆਂ ਨੂੰ ਕੀਰਤਨ ਦੀ ਦਾਤ ਬਖ਼ਸ਼ਿਸ਼ ਕੀਤੀ। ਜਿਨ੍ਹਾਂ ਵਿਦਿਆਰਥੀਆਂ ਵਿੱਚ ਆਪ ਜੀ ਨੇ ਸੇਵਾ ਕੀਤੀ ਹੈ ਉਹਨਾਂ ਵਿਚੋਂ ਮਸਤੂਆਣਾ ਸਾਹਿਬ, ਚੀਮਾ ਸਾਹਿਬ, ਗੁ: ਫਲਾਹੀ ਸਾਹਿਬ, ਸਮਰਾਲਾ, ਮੁੱਲਾਂਪੁਰ, ਮਹਿਤਾ ਚੌਂਕ, ਆਦਿ ਦੇ ਸੰਗੀਤ ਵਿਦਿਆਲਿਆਂ ਦਾ ਨਾਮ ਵਰਨਣ ਯੋਗ ਹੈ। ਆਪ ਜੀ ਦੇ ਸ਼ਾਗਿਰਦਾਂ ਦੀ ਗਿਣਤੀ ਦੋ ਹਜ਼ਾਰ ਤੋਂ ਵੀ ਵੱਧ ਹੋਵੇਗੀ। ਦੇਸ਼ਾਂ ਵਿਦੇਸ਼ਾਂ ਵਿੱਚ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਪ੍ਰਸਿੱਧ ਗੁਰ ਅਸਥਾਨਾਂ ਤੇ ਕੀਰਤਨ ਸੇਵਾ ਨਿਭਾ ਰਹੇ ਕੀਰਤਨੀਆਂ ਵਿੱਚੋਂ ਜ਼ਿਆਦਾ ਤਰ ਤੀਬਰ ਸਾਹਿਬ ਦੇ ਸ਼ਾਗਿਰਦ ਹਨ।

ਕਈ ਕਈ ਨੇਤਰਹੀਣਾਂ ਨੂੰ ਅਤੇ ਯਤੀਮਾਂ ਨੂੰ ਆਪਣੇ ਕੋਲ ਰੱਖ ਕੇ ਉਹਨਾਂ ਦਾ ਸਾਰਾ ਖ਼ਰਚ ਵੀ ਆਪਣੇ ਕੋਲੋਂ ਕਰਦੇ ਅਤੇ ਰਾਗ ਵਿਦਿਆ ਦੀ ਦਾਤ ਵੀ ਦਿੰਦੇ। ਕਈ ਨੇਤਰਹੀਣਾਂ ਨੂੰ ਆਪ ਜੀ ਨੇ ਗੱਡੀਆਂ ਵਿੱਚ ਗਾ ਕੇ ਮੰਗਣੋਂ ਹਟਾ ਕੇ ਰਾਗ ਵਿਦਿਆ ਦੀ ਦਾਤ ਦੇ ਕੇ ਰੋਜ਼ੀ ਕਮਾਉਣ ਦੇ ਕਾਬਲ ਬਣਾਇਆ। ਨੇਤਰਹੀਣਾਂ ਤੇ ਗਰੀਬਾਂ ਦੀ ਸੇਵਾ ਕਰਨਾ ਆਪਣਾ ਫਰਜ਼ ਸਮਝਦੇ ਸਨ। ਗ੍ਰਹਿਸਤੀ ਜੀਵਨ ਵਿੱਚ ਵੀ ਆਪ ਜੀ ਨੇ ਪੂਰੀ ਸਫਲਤਾ ਹਾਸਲ ਕੀਤੀ। ਆਪਣੇ ਚਾਰੇ ਬੱਚਿਆਂ ਨੂੰ ਉਚ ਵਿੱਦਿਆ ਦੇ ਕੇ ਪੂਰੀ ਤਰ੍ਹਾਂ ਲਾਇਕ ਬਣਾਇਆ ਹੈ। ਆਪ ਜੀ ਦੇ ਸਪੁੱਤਰ ਸ੍ਰ. ਹਰਕੀਰਤ ਸਿੰਘ ਜੀ ਅੱਜ ਕੱਲ ਇੰਗਲੈਂਡ ਵਿਖੇ ਰਹਿ ਰਹੇ ਹਨ। ਰਾਗੀ ਸਿੰਘਾਂ ਦਾ ਬਹਤ ਸਤਿਕਾਰ ਕਰਦੇ ਹਨ।

ਜੀਵਨ ਦੇ ਅੰਤਲੇ ਸਮੇਂ ਆਪ ਸਿੰਘਾਪੁਰ ਗਏ ਹੋਏ ਸਨ, ਉੱਥੇ ਵੀ ਆਪ ਜੀ ਨੇ ਕੀਰਤਨ ਦੀ ਦਾਤ ਵੰਡੀ, ਇਸੇ ਤਰ੍ਹਾਂ ਕੀਰਤਨ ਰੂਪੀ ਬਖ਼ਸ਼ਿਸ਼ਾਂ ਦੀ ਵਰਸ਼ਾ ਕਰਦੇ ਹੋਏ ਰਾਗੀ ਜਸਵੰਤ ਸਿੰਘ ਜੀ 24 ਦਸੰਬਰ 1983 ਵਿੱਚ ਅਕਾਲ ਪੁਰਖ ਜੀ ਦੇ ਚਰਨਾਂ ਵਿੱਚ ਜਾ ਵਿਰਾਜੇ। ਆਪ ਜੀ ਦੀਆਂ ਅਨਮੋਲ ਕੀਤਰਨ ਬੰਦਸ਼ਾਂ ਨੂੰ ਇਕੱਤਰ ਕਰ ਕੇ ਆਪ ਜੀ ਦੇ ਸਪੁੱਤਰ ਸ੍ਰ. ਹਰਕੀਰਤ ਸਿੰਘ ਅਤੇ ਆਪ ਜੀ ਦੇ ਸਾਗਿਰਦ ਭਾਈ ਕਰਮ ਸਿੰਘ ਨਿਹੰਗ ਸਾਹਿਬ ਨੇ ਉਦਮ ਉਪਰਾਲਾ ਕਰਕੇ ਇੱਕ ਪੁਸਤਕ 'ਸੰਗੀਤ ਸਾਗਰ' ਛਪਵਾਈ ਜੋ ਆਉਣ ਵਾਲੀਆਂ ਪੀੜੀਆਂ ਲਈ ਅਤੇ ਅਜੋਕੇ ਕੀਤਰਨੀਆਂ ਲਈ ਸਦਾ ਹੀ ਵਡਮੁਲੀ ਅਗਵਾਈ ਦਾ ਕੰਮ ਕਰੇਗੀ।

ਆਪ ਜੀ ਦੇ ਸਾਰੇ ਸ਼ਾਗਿਰਦਾਂ ਦੀ ਗਿਣਤੀ ਕਰਨੀ ਤਾਂ ਬੜੀ ਮੁਸ਼ਕਲ ਹੈ ਪਰ ਜੋ ਆਪ ਜੀ ਦੇ ਨਕਸੇ ਕਦਮ ਉਤੇ ਚਲਦੇ ਹੋਏ ਗੁਰਮਤਿ ਸੰਗੀਤ ਖੇਤਰ ਵਿੱਚ ਯੋਗਦਾਨ ਪਾ ਰਹੇ ਹਨ ਉਹਨਾਂ ਦਾ ਜਿਕਰ ਕਰਨਾ ਜ਼ਰੂਰੀ ਬਣਦਾ ਹੈ ਆਪ ਜੀ ਦੇ ਸ਼ਾਗਿਰਦਾਂ ਵਿੱਚੋਂ ਰਾਗੀ ਉਸਤਾਦ ਸੁਰਜੀਤ ਸਿੰਘ ਜੀ ਬਹੁਤ ਸਿਆਣੇ ਉਸਤਾਦ ਹਨ ਜੋ ਅੱਜ-ਕੱਲ੍ਹ ਚੀਮਾ ਸਾਹਿਬ ਵਿਖੇ ਸੰਗੀਤ ਵਿਦਿਆਲਾ ਚਲਾ ਰਹੇ ਹਨ ਇਹਨਾਂ ਨੇ ਤਬਲੇ ਬਾਰੇ ਇੱਕ ਪੁਸਤਕ 'ਤਾਲ ਰਤਨ' ਲਿਖੀ ਹੈ ਜੋ ਆਪਣੀ ਮਿਸਾਲ ਆਪ ਹੀ ਹੈ ਉਸ ਵਿੱਚ ਪੰਜਾਬ ਘਰਾਣੇ ਦੀ ਬੇਸੁਮਾਰ ਸਮੱਗਰੀ ਦਰਜ ਕੀਤੀ ਹੈ ਹੋਰ ਵੀ ਰਾਗਾਂ ਦੀਆਂ ਨੁਟੇਸ਼ਨਾਂ ਦੀਆਂ ਕਈ ਪੁਸਤਕਾਂ ਲਿਖ ਰਹੇ ਹਨ।

ਉਸਤਾਦ ਰਾਗੀ ਲਾਲ ਸਿੰਘ ਜੀ ਪਨੋਲੇ ਵਾਲੇ ਵੀ ਆਪ ਜੀ ਦੇ ਸ਼ਾਗਿਰਦ ਹਨ, ਇਹਨਾਂ ਨੇ ਸੈਂਕੜੇ ਵਿਦਿਆਰਥੀਆਂ ਨੂੰ ਕੀਰਤਨ ਦੀ ਦਾਤ ਬਖ਼ਸ਼ ਕੇ ਸਫਲ ਕੀਤਰਨੀਏ ਬਣਾਇਆ ਹੈ। ਦਾਸ ਨੂੰ ਵੀ ਇਹਨਾਂ ਤੋਂ ਵਿਦਿਆ ਪ੍ਰਾਪਤ ਕਰਨ ਦਾ ਸੁਭਾਗ ਮਿਲਿਆ ਹੈ ਅਤੇ ਭਾਈ ਕਰਮ ਸਿੰਘ ਜੀ ਨਿਹੰਗ ਵੀ ਮਹਾਨ ਉਸਤਾਦ ਹਨ।

ਭਾਈ ਮੁਖਤਿਆਰ ਸਿੰਘ ਜੀ 'ਮਖੀ' ਜੋ ਅੱਜ ਕਲ ਅਮਰੀਕਾ ਵਿਖੇ ਕੀਰਤਨ ਸੇਵਾ ਕਰ ਰਹੇ ਹਨ ਮਹਾਨ ਤਬਲਾ ਵਾਦਕ ਅਤੇ ਕੀਰਤਨੀਏ ਹਨ, ਦਾਸ ਵੀ ਇਹਨਾਂ ਦਾ ਸ਼ਿਸ਼ ਹੈ। ਇਹ ਵੀ ਰਾਗੀ ਜਸਵੰਤ ਸਿੰਘ ਜੀ ਹੁਰਾਂ ਦੇ ਸ਼ਾਗਿਰਦ ਹਨ। ਰਾਗੀ ਜਸਵੰਤ ਸਿੰਘ ਦੇ ਮਹਾਨ ਉਪਕਾਰਾਂ ਕਰਕੇ ਇਹਨਾਂ ਦਾ ਨਾਮ ਸੰਗੀਤ ਖੇਤਰ ਵਿੱਚ ਮੁੱਦਤਾਂ ਤੱਕ ਸਤਿਕਾਰ ਨਾਲ ਲਿਆ ਜਾਵੇਗਾ। ਸਚਮੁੱਚ ਰਾਗੀ ਤੀਬਰ ਸਾਹਿਬ ਮਹਾਨ ਸੰਗੀਤ ਅਚਾਰੀਆ ਮਹਾਨ ਉਸਤਾਦ ਤੇ ਸੰਗੀਤ ਦੇ ਬੇਤਾਜ ਬਾਦਸ਼ਾਹ ਸਨ। ☬

# ਮਿਲਿ ਸੰਗਤਿ ਗੁਣ ਪਰਗਾਸਿ


## ਰਮੇਸ਼ ਸਿੰਘ

16, Kasidih East, Road No. 1, Sakchi, Jamshedpur - 831 001 (Bihar)


ਹਰ ਅੰਮ੍ਰਿਤ ਵੇਲਾ ਸਿੱਖ ਦੀ ਸੁਹਾਗਰਾਤ ਹੈ ਤੇ ਹਰ ਸਤਿਸੰਗ ਸਮਾਗਮ ਉਸਦਾ ਹਨੀਮੂਨ। ਜਿਵੇਂ ਹਰ ਨਵ-ਵਿਆਹੁਤਾ ਜੋੜਾ ਸੁਹਾਗਰਾਤ ਤੇ ਹਨੀਮੂਨ ਨੂੰ ਲੋਚਦਾ ਹੈ, ਤਿਵੇਂ ਸਿੱਖ ਆਪਣੇ ਪ੍ਰਭੂ ਪਤੀ ਨਾਲ ਰਲ ਕੇ ਸਦੀਵੀ ਆਨੰਦ, 'ਸੁਖ ਪਾਇਓ ਦਿਨ ਰਾਤ' ਦਾ ਵਿਸਮਾਦੀ ਰੰਗ, ਮਾਨਣਾ ਚਾਹੁੰਦਾ ਹੈ ਕਿਉਂਕਿ ਉਸਨੂੰ ਆਪਣੇ ਪੂਰੇ ਗੁਰੂ (ਗੁਰੂ ਗ੍ਰੰਥ ਸਾਹਿਬ) ਕੋਲੋਂ ਇਹ ਦ੍ਰਿੜ ਹੋ ਚੁੱਕਾ ਹੈ ਕਿ ਦੁਨੀਆਵੀ ਪਤੀ/ਪਤਨੀ, ਰਿਸ਼ਤੇਦਾਰ ਤਾਂ ਮਰਨ ਵਾਲੇ ਹਨ, ਧੋਖਾ ਦੇ ਸਕਦੇ ਹਨ, ਇਕੱਠੇ ਰਹਿੰਦਿਆਂ ਵੀ ਸਦਾ ਸੁਖ ਨਹੀਂ ਦੇ ਸਕਦੇ, ਪਰ ਪ੍ਰਭੂ ਪਤੀ ਦਾ ਕਮਾਲ ਇਹ ਹੈ- *"ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ"* (ਪੰਨਾ 249), ਅਤੇ ਉਹ ਤਾਂ reservoir ਹੈ, ਸੋਮਾ ਹੈ ਸੁਖ, ਅਨੰਦ, ਮੌਜਾਂ, ਖੁਸ਼ੀਆਂ- *ਲਖ ਖੁਸ਼ੀਆਂ ਪਾਤਸ਼ਾਹੀਆਂ*-ਦਾ, ਕਰੈ ਕਾਮਣਿ ਮਿਟੇ ਸਗਲ ਅੰਦੇਸਾ ਨਹੀਂ- *"ਦਿਨ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ॥ ਬਿਨਵੰਤਿ ਨਾਨਕ ਕੰਤੁ ਮਿਲਿਆ ਲੋੜਤੇ ਹਮ ਜੈਸਾ"* (ਪੰਨਾ 247)

ਪ੍ਰਭੂ ਕਿਰਪਾ ਸਦਕਾ ਪ੍ਰਭੂ ਪਤੀ ਨਾਲ ਸੁਹਾਗਰਾਤ ਤੇ ਹਨੀਮੂਨ ਮਨਾਣ ਦੇ ਸਿਰਫਿਰੇ ਚਾਹਵਾਨਾਂ ਦੀ ਇੱਕ ਟੋਲੀ ਇਸ ਮਹੀਨੇ ਦਿੱਲੀ- ਦੇਹਰਾਦੂਨ- ਮਸੂਰੀ- ਦੇਹਰਾਦੂਨ-ਦਿੱਲੀ, ਕੇਵਲ ਤੇ ਕੇਵਲ ਇਸੇ ਕੰਮ ਲਈ ਇਕੜ ਹੋਈ ਕਿ ਅਸਾਂ ਰਲ ਕੇ ਪ੍ਰਭੂ ਦੇ ਗੀਤ ਗਾਣੇ ਹਨ ਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ- ਗੁ: ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਚਾਹਵਾਨਾਂ ਤੀਕ, ਭਾਵੇਂ ਕਿਸੇ ਵੀ ਜਾਤ-ਧਰਮ-ਫਿਰਕੇ ਦੇ ਕਿਉਂ ਨਾ ਹੋਣ, ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਨਿਸ਼ਕਾਮ ਤਰੀਕੇ ਨਾਲ ਬੜੀ ਹਲੀਮੀ, ਸ਼ਰਮਾ ਤੇ ਪਿਆਰ ਨਾਲ ਪੁਚਾਣ ਦੀ ਕੋਸ਼ਿਸ਼ ਕਰਨੀ ਹੈ। ਗੁਰੂ ਕਿਰਪਾ ਸਦਕਾ, ਜੋ ਵੀ ਪਿਆਰ ਤੇ ਸ਼ਰਧਾ ਨਾਲ ਸੁਣੇਗਾ, ਅਮਲ ਕਰੇਗਾ ਉਸਦਾ ਦੁਖ-ਦਰਦ-ਭਰਮ, *"ਸਰਬ ਰੋਗ ਕਾ ਅਉਖਧ ਨਾਮ"* ਦੇ ਮਹਾਂਵਾਕ ਅਨੁਸਾਰ ਦੂਰ ਹੋ ਜਾਏਗਾ।

ਦਿੱਲੀ ਇੱਕ ਜੁਆਨ ਬੇਟੀ ਸੰਗਤ ਵਿੱਚ ਆਈ, ਉਸਦੇ ਅੰਦਰ ਦਾ ਦੁਖ- ਛੇ ਸਾਲ ਹੋ ਗਏ ਵਿਆਹ ਨੂੰ ਬੱਚਾ ਕੋਈ ਨਹੀਂ (ਘਰ-ਪਰਿਵਾਰ ਵਾਲੇ ਤੇ ਹੋਰ ਰਿਸ਼ਤੇਦਾਰ ਉਸਨੂੰ ਅਭਾਗਣ ਸਮਝਦੇ, ਉਸਦੇ ਆਲੇ-ਦੁਆਲੇ ਦੇ ਮਾਹੌਲ ਨੇ ਉਸ ਅੰਦਰ ਇੱਕ inferiority complex ਭਰ ਦਿੱਤਾ ਸੀ) ਉਸਦੇ ਦੁਖੀ ਚੇਹਰੇ ਤੋਂ ਸਾਫ ਝਲਕਦਾ ਸੀ। B.Ed. ਕਾਲੇਜ ਦੀ ਪ੍ਰੋਫੈਸਰ ਸੀ ਉਹ ਪਰ ਬਿਲਕੁਲ ਮੋਈ ਮਾਰੀ ਲਗਦੀ ਸੀ ਜਿਵੇਂ ਕੋਈ ਪਾਪ ਕੀਤਾ ਹੋਵੇ। ਸਤਿਸੰਗਤ ਕੀਤੀ, ਗੁਰ ਉਪਦੇਸ਼ ਸੁਣਿਆ- *"ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ"* (ਪੰਨਾ 1018), *"ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ"* (ਪੰਨਾ 958), ਪ੍ਰਭੂ ਸਾਡਾ ਮਾਤਾ-ਪਿਤਾ ਹੈ ਉਸਨੂੰ ਪਤਾ ਹੈ ਕਿ ਸਾਡੇ ਭਲੇ ਵਿੱਚ ਕੀ ਹੈ ਤੇ ਕੀ ਨਹੀਂ, ਸੁ ਜੇ ਉਹ ਬੱਚਾ ਨਹੀਂ ਦੇ ਰਿਹਾ ਇਸ ਵਿੱਚ ਜ਼ਰੂਰ ਸਾਡੀ ਭਲਾਈ ਹੈ, ਸੁਖ ਨਾ ਬੱਚਿਆਂ ਵਿੱਚ ਹੈ ਨਾ ਦੁਨਿਆਵੀ ਪਦਾਰਥਾਂ ਵਿੱਚ, ਸੁਖ ਤਾਂ ਕੇਵਲ ਤੇ ਕੇਵਲ ਨਾਮ ਵਿੱਚ ਹੈ, ਪ੍ਰਭੂ ਨੂੰ ਹੀ ਆਪਣਾ ਬੱਚਾ ਬਣਾ ਲਈਏ - *"ਮੇਰਾ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ"* (ਪੰਨਾ 996), ਤੇ ਉਸਤੋਂ ਪ੍ਰਾਪਤ ਪਿਆਰ ਨੂੰ ਸਾਰੀ ਦੁਨੀਆਂ ਦੇ ਬੱਚਿਆਂ ਨੂੰ ਆਪਣੇ ਬੱਚੇ ਸਮਝ ਕੇ ਵੰਡੀਏ ਅਸੀਂ ਮਾਲਾਮਾਲ ਹੋ ਜਾਵਾਂਗੇ- ਭਰਮ ਭੁਲੇਖੇ ਦੂਰ ਹੋ ਗਏ, ਕੂੜ ਦੀ ਦੀਵਾਰ ਢਹਿ ਗਈ, ਅਗਿਆਨਤਾ ਦਾ ਹਨੇਰਾ ਦੂਰ ਹੋ ਗਇਆ, ਦੁਖ ਦੂਰ ਹੋ ਗਇਆ ਤੇ ਸੁਖੀ ਹੋ ਕੇ ਗਈ।

ਗੁਰੂ ਨਾਨਕ ਦੇਵ ਜੀ ਨੇ ਧਰਮ ਦਾ ਜੋ ਪੈਗ਼ਾਮ ਦਿੱਤਾ ਉਹ ਸਾਰੀ ਲੋਕਾਈ ਲਈ ਸੀ- *"ਉਪਦੇਸੁ ਚਹੁ ਵਰਨਾ ਕਉ ਸਾਝਾ"* (ਪੰਨਾ 947) ਤੇ ਉਹ ਪੈਗਾਮ 'ਗਰੀਬ' (ਸਨਿਮਰ) ਬਣ ਕੇ ਸੁਣਾਉਂਦੇ ਸਨ ਭੋਲੇ ਭਾਵ ਵਿੱਚ, ਸਹਿਜ ਸਰਲ ਤਰੀਕੇ ਨਾਲ, ਵਿਦਵਾਨ ਬਣ ਕੇ ਨਹੀਂ। ਇਸ ਕਾਰਣ ਗੁਰੂ ਸਾਹਿਬ ਦਾ ਤਰੀਕਾ ਬਹੁਤ ਕਾਰਗਰ ਸਾਬਤ ਹੋਇਆ ਤੇ ਇਹੀ ਤਰੀਕਾ ਉਨ੍ਹਾਂ ਸਾਨੂੰ ਵਰਤਣ ਦਾ ਆਦੇਸ਼ ਦਿੱਤਾ ਸੀ- *"ਆਪਿ ਜਪਹੁ ਅਵਰਾ ਨਾਮੁ ਜਪਾਵਹੁ"* (ਪੰਨਾ 289)। ਗੁਰੂ ਨਾਨਕ ਦੇਵ ਜੀ ਦੇ ਇਸ ਕਾਰਗਰ ਤਰੀਕੇ ਦੀ ਪਰਤੱਖ ਮਿਸਾਲ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਜਦੋਂ ਇੱਕ ਪੰਜਾਬੀ ਹਿੰਦੂ ਪਰਿਵਾਰ ਸਤਿਸੰਗ ਵਿੱਚ ਆਇਆ। 82 ਸਾਲਾਂ ਦੇ ਪਿਤਾ ਤੇ 75 ਸਾਲਾਂ ਦੀ ਮਾਤਾ ਦਾ 52 ਸਾਲਾ ਪੁੱਤਰ ਕਿਸੇ ਬਿਮਾਰੀ ਕਾਰਣ ਮਰ ਗਿਆ, ਦੋਵੇਂ picture of

misery (ਦੁਖ ਦੀ ਮੂਰਤ) ਬਣ ਗਏ ਸਨ, ਪੁੱਤਰ ਦੇ ਵਿਛੋੜੇ ਦੇ ਗ਼ਮ ਵਿੱਚ ਜਾਰ-ਜਾਰ ਰੋਂਦੇ ਸਨ। ਪ੍ਰਭੂ ਨੇ ਕਿਰਪਾ ਕੀਤੀ, ਸਤਿਸੰਗਤ ਮਿਲਾ ਦਿੱਤੀ। ਦੁਖੀ ਤੇ ਤਪਦੇ ਹਿਰਦਿਆਂ ਨੂੰ ਨਾਮ ਦੀ ਠੰਢ ਪਹੁੰਚੀ ਤਾਂ ਸਕੂਨ ਮਿਲਿਆ। ਮਾਤਾ ਜੀ ਅੰਮ੍ਰਿਤ ਵੇਲੇ ਆਉਣ ਲਗ ਪਏ ਤੇ ਅੰਮ੍ਰਿਤ ਵੇਲੇ ਦੇ ਰੰਗ ਦਾ ਐਸਾ ਨਸ਼ਾ ਚੜ੍ਹਿਆ ਕਿ ਹੁਣ miss ਕਰਨਾ ਮੁਸ਼ਕਲ ਹੋ ਗਿਆ। ਇੱਕ ਦਿਨ ਤਾਂ ਕਮਾਲ ਹੀ ਹੋ ਗਿਆ, ਮਾਤਾ ਜੀ ਦੀ ਸਿਹਤ ਠੀਕ ਨਹੀਂ ਸੀ, ਚੱਕਰ ਆਉਣ ਕਰਕੇ ਕਈ ਵਾਰ ਗਿਰ ਚੁੱਕੇ ਸਨ, ਸਾਰੀ ਰਾਤ ਨੀਂਦ ਨਹੀਂ ਸੀ ਆਈ, ਪਰ ਪ੍ਰਭਾਤ ਵੇਲੇ 2:30 ਵਜੇ ਉਠ ਗਏ। ਇਸ਼ਨਾਨ ਕਰਕੇ ਜਦੋਂ 4 ਵਜੇ ਸਤਿਸੰਗ ਵਿੱਚ ਜਾਣ ਲਈ ਤਿਆਰ ਹੋਏ ਤਾਂ ਪਤੀ ਹੱਥ ਜੋੜ ਕੇ ਅੱਗੇ ਖੜੇ ਹੋ ਗਏ, ਕਿ ਅੱਜ ਨਾ ਜਾਓ, ਆਪ ਦੀ ਸਿਹਤ ਠੀਕ ਨਹੀਂ, ਰਾਹ ਵਿੱਚ ਕਿਤੇ ਢਹਿ ਨਾ ਪਵੋ।" ਪਰ ਮਾਤਾ ਜੀ ਨੇ ਇੱਕ ਨਾ ਸੁਣੀ ਤੇ ਕਿਹਾ- 'ਨਹੀਂ ਕੁਝ ਨਹੀਂ ਹੋਵੇਗਾ, ਮੈ ਠੀਕ ਹਾਂ।' ਚਲ ਪਏ, ਕੋਠੀ ਤੋਂ ਬਾਹਰ ਨਿਕਲੇ ਤਾਂ ਵੇਖਿਆ, ਇੱਕ auto rickshaw ਆ ਰਿਹਾ ਸੀ। ਉਹਨਾਂ ਅੱਗੇ ਆ ਕੇ ਰੁਕਿਆ, driver ਸਿੱਖ ਸੀ, ਕਹਿਣ ਲੱਗਾ- 'ਮਾਤਾ ਜੀ, ਐਨੀ ਰਾਤ 4 ਵਜੇ ਇਕੱਲੇ ਕਿੱਥੇ ਜਾ ਰਹੇ ਹੋ?'

'ਬੇਟਾ, ਮੈਂ ਸਤਿਸੰਗ ਤੇ ਜਾਣਾ ਹੈ।'

'ਆ ਜਾਓ, ਮੈਂ ਪੁਚਾ ਦਿੰਦਾ ਹਾਂ, ਰੋਜ਼ 4 ਵਜੇ ਇੱਧਰੋਂ ਲੰਘਦਾ ਹਾਂ, ਆਪ ਨੂੰ ਲੈ ਜਾਇਆ ਕਰਾਂਗਾ।' ਸੁ ਮਾਤਾ ਜੀ ਠੀਕ ਸਮੇਂ ਪੁਜ ਗਏ ਸਾਧ ਸੰਗਤ ਦੇ ਦਰਬਾਰ ਵਿੱਚ। ਉਨ੍ਹਾਂ ਦਾ ਸਿਦਕ ਵੇਖ, ਤੇ ਸਤਿਸੰਗ ਚੋਂ ਪ੍ਰਾਪਤ ਦਾਰੂ ਦਾ ਰਸ ਚਖ ਕੇ ਪਤੀ ਵੀ regular ਆਉਣ ਲੱਗ ਪਏ ਤੇ ਇੱਕ ਦਿਨ ਗੁਰੂ ਪਿਆਰੇ ਸਤਿਸੰਗੀ ਜੀ ਨੂੰ ਭਰੇ ਗਲੇ ਤੇ ਸਜਲ ਨੇਤ੍ਰਾਂ ਨਾਲ ਕਹਿਣ ਲੱਗੇ- 'ਚਲੇ ਜਾਉਗੇ ਤਾਂ ਆਪਨੂੰ ਬਹੁਤ miss ਕਰਾਂਗੇ, ਆਪਨੇ ਸਾਨੂੰ ਬਹੁਤ ਸਹਾਰਾ ਦਿੱਤਾ ਹੈ, ਹਰ 3-4 ਮਹੀਨੇ ਬਾਅਦ ਚੱਕਰ ਲਾਉਂਦੇ ਰਿਹਾ ਕਰੋ ਤਾਂ ਜੋ ਗੁਰੂ ਦੀ ਸਿੱਖਿਆ ਸੁਣਦੇ ਰਹੀਏ।'

ਸਿੱਖ ਧਰਮ ਦਾ universal message ਹੀ ਉਸਦੀ ਵਿਲਖਣਤਾ ਹੈ, ਜੋ ਵੀ ਇਸ ਵਿਲਖਣਤਾ ਤੇ ਤੁਰਨ ਦੀ ਕੋਸ਼ਿਸ਼ ਕਰਦਾ ਹੈ ਉਹ ਹਰਿ ਕਾ ਪਿਆਰਾ ਹੋਣ ਕਰਕੇ ਜਗਤ ਕਾ ਪਿਆਰਾ ਹੋ ਨਿਬੜਦਾ ਹੈ। ਗੁਰੂ ਸਾਹਿਬਾਨਾਂ ਦੀਆਂ ਸਾਰੀ ਲੋਕਾਈ ਨਾਲ ਪਿਆਰ ਦੀਆਂ ਸਾਖੀਆਂ, ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰੂ ਸਾਹਿਬਾਨਾਂ ਦੇ ਨਾਲ ਹਿੰਦੂ, ਮੁਸਲਮਾਨ ਤੇ ਅਖੌਤੀ ਨੀਚ ਜਾਤ ਦੇ ਭਗਤ ਜਨਾਂ ਦਾ ਪ੍ਰੇਮ ਮਈ ਬਾਣੀ ਸੁਣ ਕੇ, ਤੇ ਸਤਿਸੰਗ ਵਿੱਚ ਗੁਰੂ ਦੀ ਸਿੱਖਿਆ ਤੇ ਅਮਲੀ ਜੀਵਨ ਢਾਲਣ ਦੀ ਕੋਸ਼ਿਸ਼ ਕਰ ਰਹੇ ਸਤਿਸੰਗੀਆਂ ਦੇ ਜੀਵਨ ਚੋਂ ਸਭ ਲਈ ਡੁਲ-ਡੁਲ ਪੈਂਦੇ ਪਿਆਰ ਦੀ ਖੁਸ਼ਬੋ ਸੁੰਘ ਕੇ, ਕਈ ਸਹਿਜਧਾਰੀ ਤੇ ਹਿੰਦੂ ਵੀਰ-ਭੈਣਾਂ, ਸਤਿਸੰਗ ਵਿੱਚ ਆਉਣ ਲਗ ਪਏ, ਕਈਆਂ ਨੇ ਆਪਣੇ ਘਰਾਂ ਵਿੱਚ ਅੰਮ੍ਰਿਤ ਵੇਲੇ ਤੇ ਸ਼ਾਮ ਦੇ ਸਤਿਸੰਗ ਕਰਾਏ। ਸਾਰੇ ਦੋ ਵਾਰ ਸਾਰੇ ਦੇਹਰਾਦੂਨ ਦੇ National Blind School ਵਿੱਚ ਟ੍ਰੇਨਿੰਗ ਲੈ ਰਹੀ ਜਮਸ਼ੇਦਪੁਰ ਦੀ ਇੱਕ ਬੰਗਾਲੀ ਲੜਕੀ ਨੂੰ ਮਿਲਣ ਗਏ। ਘਰ ਤੋਂ ਦੂਰ, optic nerve ਹੌਲੀ-ਹੌਲੀ dead ਹੋਣ ਕਰਕੇ blindness ਦੇ ਦੁਖ ਨਾਲ ਮੁਰਝਾਈ ਤੇ ਆਪਣੀ ਛੋਟੀ ਭੈਣ (ਉਸਦੀ ਵੀ optic nerve ਕਮਜ਼ੋਰ ਹੋ ਕੇ dead ਹੋ ਰਹੀ ਹੈ ਅਤੇ ਕੁਝ ਸਮੇਂ ਬਾਅਦ ਉਹ ਵੀ blind ਹੋ ਜਾਏਗੀ), ਤੇ ਆਪਣੇ uncertain future ਬਾਰੇ ਚਿੰਤਿਤ ਬੇਟੀ (ਜਿਸਦੇ ਪਿਤਾ ਦੀ ਕੈਂਸਰ ਦੀ ਬੀਮਾਰੀ ਨਾਲ ਕੁਝ ਦਿਨ ਪਹਿਲਾਂ ਹੀ ਮੌਤ ਹੋਈ ਤੇ ਇਸ ਸਚਾਈ ਤੋਂ ਅਜੇ ਉਹ ਜਾਣੂ ਨਹੀਂ ਸੀ), ਜੋ ਪਹਿਲੀ ਫੇਰੀ ਸਮੇਂ ਦੁਖ ਦੀ ਮੂਰਤ ਸੀ, ਨਿਸ਼ਕਾਮ ਪ੍ਰਭੂ ਪਿਆਰ ਪਾ ਕੇ ਦੂਜੀ ਫੇਰੀ ਸਮੇਂ ਪ੍ਰਸੰਨਤਾ ਨਾਲ ਹੱਸੂ-ਹੱਸੂ ਕਰਦੀ ਮਿਲਣ ਆਈ ਤੇ ਇੰਜ ਲਗਦਾ ਸੀ ਕਿ ਦੁਖ ਉਸ ਤੋਂ ਕੋਸੋਂ ਦੂਰ ਹੈ। *"ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ"* (ਪੰਨਾ 671) *"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ"* (ਪੰਨਾ 885), *"ਅਵਲ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ"* (ਪੰਨਾ 1349), ...*"ਸਭ ਗੁਰ ਪੀਰ ਹਮਾਰੇ"* (ਪੰਨਾ ?), *"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"*, ਦੇ ਸਰਬ ਸਾਂਝੇ ਉਪਦੇਸ਼ ਸੁਣ ਕੇ, ਤੇ ਸੰਗਤ ਵਿੱਚ ਉਨ੍ਹਾਂ ਦਾ ਅਮਲੀ ਅਨੁਭਵ ਪਾ ਕੇ ਗੁਰੂ ਦੀ ਐਸੀ ਵਡਿਆਈ ਫੈਲੀ ਕਿ ਇੱਕ ਮੰਦਰ ਵਾਲਿਆਂ ਨੇ ਆਪਣੇ ਅਸਥਾਨ ਤੇ ਸੰਗਤ ਨੂੰ ਬੁਲਾਇਆ ਤੇ ਸਤਿਸੰਗ ਕਰਨ ਦੀ ਬੇਨਤੀ ਕੀਤੀ। ਉਸ ਮੰਦਰ ਵਿੱਚ ਸ਼ਾਮ ਵੇਲੇ ਪਹਿਲਾਂ 'ਸੋਦਰ ਰਹਿਰਾਸ' ਦੀ ਬਾਣੀ ਦਾ ਪਾਠ ਹੋਇਆ, ਉਪਰੰਤ ਕੀਰਤਨ ਦੇ ਨਾਲ-ਨਾਲ ਸ਼ਬਦ ਵੀਚਾਰ ਹੋਈ। ਸਿੱਖ ਧਰਮ ਦੀ ਵਿਲੱਖਣਤਾ ਵੇਖ ਕੇ ਸਾਰੇ ਅਸ਼-ਅਸ਼ ਕਰ ਉੱਠੇ ਜਦੋਂ

ਇਹ ਦੱਸਿਆ ਗਇਆ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਧਰਮ ਅਨੁਸਾਰ ਸਭ ਨੂੰ ਆਪਣੇ-ਆਪਣੇ ਗੁਰੂ ਦੇ ਹੁਕਮਾਂ ਤੇ ਜੀਵਨ ਢਾਲ ਕੇ ਪ੍ਰਭੂ ਪ੍ਰਾਪਤੀ ਦੀ ਖੁੱਲ੍ਹ ਹੈ, ਸ਼ਰਤ ਇੱਕੋ ਹੈ ਕਿ ਜੋ ਵੀ ਕਿਸੇ ਦਾ ਗੁਰੂ (ਪੂਰਾ ਗੁਰੂ) ਹੋਵੇ ਉਸਦੀ ਉਹ ਪੂਰਨ ਗ਼ੁਲਾਮੀ ਕਰੇ, 'ਕਿੰਤੂ, ਪਰੰਤੂ' ਛੱਡ ਕੇ। ਜੇ ਸਿੱਖ ਲਈ ਗੁਰੂ ਦਾ ਆਦੇਸ਼ ਹੈ- "*ਗੁਰ ਸਤਿਗੁਰ ਕਾ ਜੋ ਸਿਖੁ ਅਖਾਇ ਸੁ ਭਲਕੇ ਉਠਿ ਹਰਿਨਾਮੁ ਧਿਆਵੈ*" (ਪੰਨਾ 305) ਤਾਂ ਸਿੱਖ, 'ਹੋਰ ਕੰਮ ਵੀ ਤਾਂ ਕਰਨੇ ਹਨ, 'ਸਾਰਾ ਦਿਨ ਕੰਮਾਂ ਵਿੱਚ ਬਹੁਤ ਵਿਅਸਤ (busy) ਰਹਿੰਦੇ ਹਾਂ, 'ਰਾਤ ਦੇਰ ਹੋ ਜਾਂਦੀ ਹੈ, ਸਵੇਰੇ ਨੀਂਦ ਹੀ ਨਹੀਂ ਖੁੱਲ੍ਹਦੀ, ਦੇ ਬਹਾਨੇ ਲਾ ਕੇ ਅੰਮ੍ਰਿਤ ਵੇਲਾ ਨਹੀਂ ਛੱਡ ਸਕਦਾ। ਜਦੋਂ ਨਾਮ ਜਪੀਏ ਉਹ ਵੇਲਾ ਅੰਮ੍ਰਿਤ ਵੇਲਾ ਹੈ, ਕਿਉਂਕਿ "*ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ*" (ਵਾਰ 27, ਪਉੜੀ 1) ਤੇ "*ਭਿੰਨੀ ਰੈਨੜੀਐ ਚਾਮਕਨਿ ਤਾਰੇ॥ ਜਾਗਹਿ ਸੰਤ ਜਨਾ ਮੇਰਾ ਰਾਮ ਪਿਆਰੇ*" (459) ਉਸਦੇ ਸਿੱਖੀ ਪਿਆਰ ਦਾ ਸਬੂਤ ਹੈ। ਗੁਰੂ ਪਿਆਰੇ ਇੱਕ ਸਤਿਸੰਗੀ ਹੁਰਾਂ ਜਦੋਂ ਆਪਣੇ ਗੁਰੂ ਪਿਆਰ ਦੇ ਵਜੂਦ ਵਿੱਚ ਆ ਇਹ ਕਿਹਾ ਕਿ 'The slavery of Guru Granth Sahib is the greatest liberation on earth' ਤਾਂ ਸਾਰੇ ਹੈਰਾਨ ਰਹਿ ਗਏ ਤੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਅੱਗੇ ਨਤਮਸਤਕ ਹੋ ਗਏ।

ਸਿੱਖੀ ਦਾ ਮਹਿਲ ਖੜਾ ਹੀ ਅਮਲ ਤੇ ਹੈ, ਜੇ ਅਮਲੀ ਜੀਵਨ ਨਹੀਂ ਤਾਂ ਸਿੱਖ ਭੇਖੀ ਬਣ ਕੇ ਰਹਿ ਜਾਂਦਾ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ- "*ਰਹਿਣੀ ਰਹੈ ਸੋਈ ਸਿਖ ਮੇਰਾ*", ਤੇ ਖਾਲਸਾ ਉਹੀ ਹੈ ਜੋ ਇਸ ਵਿਲਖਣ ਰਹਿਣੀ- ਖਾਲਸਾ ਸੋ ਜੋ ਨਿੰਦਾ ਤਿਆਗੈ, ਜੋ ਗਰੀਬੀ (ਨਿਮਰਤਾ) ਧਾਰਣ ਕਰੇ, ਜੋ ਪਰ ਦਰਬੇ ਨੂੰ ਹੱਥ ਨਹੀਂ ਲਾਉਂਦਾ, ਜੋ ਪਰ ਨਾਰੀ ਨੂੰ ਮਾਂ-ਭੈਣ-ਬੇਟੀ ਦੀ ਨਜ਼ਰ ਨਾਲ ਵੇਖਦਾ ਹੈ, ਜੋ ਮਾਇਆ ਦਾ ਦਾਸ ਬਨਣ ਦੀ ਬਜਾਇ ਮਾਇਆ ਨੂੰ ਆਪਣੀ ਦਾਸੀ ਬਣਾਂਦਾ ਹੈ, ਜੋ ਦਸਵੰਧ, ਕੱਢਦਾ ਹੈ, ਜੋ ਖੰਡੇ ਦੀ ਪਾਹੁਲ ਛਕ ਕੇ ਅੰਮ੍ਰਿਤਧਾਰੀ ਹੋਣ ਦੀ ਆਕੜ ਨਹੀਂ ਕਰਦਾ, ਸਭਨਾ ਦੀ ਰੇਣੁਕਾ ਹੋਣਾ ਲੋਚਦਾ ਹੈ, ਅੰਮ੍ਰਿਤ ਵੇਲੇ ਸੱਚੇ ਨਾਮ ਦੀ ਵਡਿਆਈ ਵੀਚਾਰਦਾ ਹੈ, ਦਸਾਂ ਨੁਹਾਂ ਦੀ ਸੱਚੀ-ਸੁੱਚੀ ਕਿਰਤ ਕਰਦਾ ਹੈ, ਨਿਰੰਤਰ ਪ੍ਰਭੂ ਦੀ ਯਾਦ ਵਿੱਚ ਰਹਿੰਦਾ ਹੈ, ਸਾਰੀ ਮਨੁੱਖਤਾ ਦੀ ਸੇਵਾ ਕਰਦਾ ਹੈ ਨਿਸ਼ਕਾਮ ਭਾਵਨਾ ਨਾਲ, ਗਰੀਬਾਂ ਤੇ ਮਜ਼ਲੂਮਾਂ ਦੀ ਬਾਂਹ ਪਕੜਦਾ ਹੈ, ਨਿਰੰਤਰ ਅਰਦਾਸ ਕਰਦਾ ਹੈ "*ਮੇਰਾ ਸਿੱਖੀ ਸਿਦਕ ਨਿਭ ਜਾਏ*", ਦਰਦਵੰਦਾਂ ਦੁਖੀਆਂ ਦਾ ਦੁਖ ਵਡਾਂਦਾ ਹੈ, ਦੂਜਿਆਂ ਦੇ ਦੁਖ ਦੂਰ ਕਰ ਕੇ, "*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ*" (ਜਪੁਜੀ ਸਾਹਿਬ) ਸੁਖੀ ਹੁੰਦਾ ਹੈ, ਜਿਸਨੂੰ ਹਰ ਵੇਲੇ ਸੇਵਾ-ਸਿਮਰਨ ਦਾ ਚਾਅ ਹੈ, ਜੋ "*ਗੁਰੁ ਕਹੈ ਸੁ ਕਾਰ ਕਮਾਇ ਜੀਉ*" (ਪੰਨਾ 763) ਗੁਰ ਉਪਦੇਸ਼ਾਂ ਦੀ ਕਮਾਈ ਕਰਦਾ ਹੈ- ਦਾ ਧਾਰਣੀ ਹੈ। ਇਹ ਰਹਿਣੀ ਜੇ ਸਿੱਖ ਦੀ ਜ਼ਿੰਦਗੀ 'ਚੋਂ ਪ੍ਰਗਟ ਹੋਵੇ ਤਾਂ ਉਸਦੇ ਹਿਰਦੇ ਚੋਂ ਨਿਕਲਿਆ ਕੀਰਤਨ/ਗੁਰ ਸਿੱਖਿਆ ਸੁਨਣ ਵਾਲੇ ਤੇ ਅਣਿਆਲੇ ਅਣੀਆਂ ਵਾਂਗ ਅਸਰ ਕਰਦੀ ਹੈ। ਇਸਦੀ ਪ੍ਰਤੱਖ ਮਿਸਾਲ ਵੇਖਣ ਨੂੰ ਮਿਲੀ ਜਦੋਂ ਇੱਕ ਦਿਨ ਸਤਿਸੰਗ ਤੋਂ ਬਾਅਦ ਇੱਕ ਪੰਜਾਬੀ ਹਿੰਦੂ ਵੀਰ ਨੇ ਕਿਹਾ- 'ਅੱਜ ਮੈਂ ਸਤਿਸੰਗ ਚੋਂ ਤਿੰਨ ਗੱਲਾਂ ਨੋਟ ਕੀਤੀਆਂ ਹਨ, ਹੁਣ ਪੂਰੀ ਤਰ੍ਹਾਂ ਉਨ੍ਹਾਂ ਤੇ ਅਮਲ ਕਰਨ ਦੀ ਕੋਸ਼ਿਸ਼ ਕਰਾਂਗਾ :

1) ਪ੍ਰਭੂ ਨੂੰ ਹਰ ਵੇਲੇ ਆਪਣੇ ਅੰਗ-ਸੰਗ ਜਾਣਨਾ ਹੈ ਤੇ ਨਿਰੰਤਰ ਪ੍ਰਭੂ ਦੀ ਹਜ਼ੂਰੀ ਵਿੱਚ ਰਹਿਣਾ ਹੈ।

2) ਕੇਸਾਂ (ਵਾਲਾਂ) ਨੂੰ ਹੁਣ ਕਾਲਖ (black dye) ਨਹੀਂ ਲਾਉਣੀ ਕਿਉਂਕਿ ਸਮਝ ਆ ਗਈ ਹੈ ਕਿ ਜੇ ਜੀਵਨ ਨੂੰ ਸੱਚ ਨਾਲ ਜੋੜਨਾ ਹੈ ਤਾਂ ਫਿਰ ਕਿਸੇ ਤਰ੍ਹਾਂ ਦੀ ਬਨਾਵਟ ਨਹੀਂ ਕਰ ਸਕਦਾ, ਜੋ ਸਚਾਈ ਹੈ ਉਸਨੂੰ ਛੁਪਾਣ ਦੀ ਕੋਸ਼ਿਸ਼ ਨਿਸ਼ਫਲ ਹੈ- "ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ" (ਪੰਨਾ 465)।

3) ਗੁਰੂ ਹੁਕਮਾਂ ਤੇ ਕਰੜਾ ਪਹਿਰਾ ਦੇਣਾ ਹੈ ਅਰਥਾਤ ਨਿਰੰਤਰ ਗੁਰੂ ਦੀ ਗ਼ੁਲਾਮੀ ਕਰਨੀ ਹੈ, ਕੋਈ ਸਵਾਲ-ਜਵਾਬ, ਕੋਈ ਸ਼ਿਕਾਇਤ ਨਹੀਂ ਕਰਨੀ ਕਿਉਂਕਿ ਜੋ ਹੋਇਆ ਉਹ ਠੀਕ ਸੀ, ਜੋ ਹੋ ਰਿਹਾ ਹੈ ਉਹ ਭਲੇ ਲਈ ਹੈ, ਤੇ ਅਗਾਂਹ ਜੋ ਕੁਝ ਵੀ ਹੋਵੇਗਾ ਉਹ ਵੀ ਮੇਰੇ ਹਿਤ ਵਿੱਚ ਹੀ ਹੋਵੇਗਾ। ਮੇਰਾ ਕੰਮ ਹੈ ਆਪਣੀ duty ਕਰ ਦਿਆਂ (to the best of my ability) ਅੱਗੋਂ ਜੋ ਪ੍ਰਭੂ ਕਰਨ ਉਸਨੂੰ ਖਿੜੇ ਮੱਥੇ ਮੰਨਾਂ।

ਸਿੱਖੀ ਦੀ ਵਿਲੱਖਣ ਰਹਿਣੀ ਦੀ ਇੱਕ ਹੋਰ ਬਾਕਮਾਲ ਮਿਸਾਲ ਸਤਿਸੰਗ ਵਿੱਚ ਸੁਣੀ ਕਿ ਪੈਰਿਸ (France) ਵਿਖੇ ਇੱਕ ਸਿੱਖ ਨੌਕਰੀ ਕਰਦਿਆਂ, ਵੇਹਲੇ ਸਮੇਂ ਬੁੱਢੇ French ਲੋਕਾਂ ਦੀ ਸੇਵਾ ਕਰਨ ਚਲੇ ਜਾਂਦੇ। ਗੁਰੂ ਦੀ ਸਿੱਖਿਆ ਅਨੁਸਾਰ ਇੱਕ ਬੁੱਢੀ ਮਾਂ ਨੂੰ ਹਰ ਵੇਲੇ ਪ੍ਰੇਰਣਾ

ਕਰਦੇ, 'ਮਾਂ, ਨਿਰੰਤਰ Jesus ਨੂੰ ਯਾਦ ਕਰਿਆ ਕਰ, ਇਸ ਤਰ੍ਹਾਂ ਤੂੰ ਕਦੇ ਇੱਕਲਾਪਨ (loneliness) ਮਹਿਸੂਸ ਨਹੀਂ ਕਰੇਂਗੀ।' ਬੁੱਢੀ ਮਾਂ ਨੇ ਜਦ ਇਹ ਕੋਸ਼ਿਸ਼ ਕੀਤੀ ਤਾਂ ਉਸਨੂੰ ਵਾਕਈ ਅੱਛਾ ਤੇ ਇੱਕ ਦਿਨ ਉਹ ਸਿੱਖ ਨੂੰ ਕਹਿਣ ਲੱਗੀ, 'ਹੋਰ French ਲੋਕ ਵੀ ਸੇਵਾ ਕਰਨ ਆਉਂਦੇ ਹਨ, ਪਰ ਜੋ ਪਿਆਰ ਤੇ ਠੰਢ ਤੇਰੇ ਕੋਲੋਂ ਮਿਲਦੀ ਹੈ ਉਹ ਹੋਰਨਾਂ ਕੋਲੋਂ ਨਹੀਂ, You surely are a better Christian than others.' ਸਿੱਖ ਨੇ ਕਿਹਾ- 'ਮਾਂ ਮੈਂ Christian ਨਹੀਂ ਪਰ ਮੈਨੂੰ Jesus ਨਾਲ ਪਿਆਰ ਹੈ ਤੇ ਮੈਨੂੰ ਯਕੀਨ ਹੈ Jesus ਵੀ ਮੈਨੂੰ ਪਿਆਰ ਕਰਦੇ ਹਨ। ਮੈਂ ਗੁਰੂ ਨਾਨਕ ਦਾ ਸਿੱਖ ਹਾਂ।" ਬੁੱਢੀ ਮਾਂ ਸਿੱਖ ਦੇ ਗੁਰੂ ਦੇ ਪਿਆਰ ਵਿੱਚ ਆ ਕੇ 'ਨਾਨਕ', 'ਨਾਨਕ' ਕਰਨ ਲਗ ਪਈ ਤੇ ਕਿਹਾ- 'In any case you have restored my faith in Jesus. I am gratefui to you.' ਅਮਲੀ ਸਿੱਖੀ ਦੀਆਂ ਇਸ ਤਰ੍ਹਾਂ ਦੀਆਂ ਮਿਸਾਲਾਂ ਸੁਣ-ਸੁਣ ਕੇ ਸਾਰੇ ਸਿੱਖਾਂ ਨਾਲ ਦਿਲੋਂ ਪਿਆਰ-ਸਤਿਕਾਰ ਕਰਦੇ ਤੇ ਉਨਾਂ ਦੀ ਸੇਵਾ ਤਨ-ਮਨ ਨਾਲ ਸੇਵਾ ਕਰਨ ਨੂੰ ਹਰ ਵੇਲੇ ਤਿਆਰ ਰਹਿੰਦੇ।

ਵਿਲਖਣ ਖਾਲਸਈ ਰਹਿਣੀ ਦੀ ਇੱਕ ਹੋਰ ਮਿਸਾਲ ਸੁਣੀ। ਬੰਬਈ ਦੀ ਇੱਕ ਮਰਾਠੀ lady ਜੋ ਅਮਲੀ ਜੀਵਨ ਦੇ ਚਾਹਵਾਨ ਇੱਕ ਗੁਰਸਿੱਖ ਨਾਲ ਸੰਗਤ ਕਰਦੀ ਸੀ, ਦੇ ਪਤੀ ਦੀ ਅਚਾਨਕ ਆਈ ਬਿਮਾਰੀ ਵਿੱਚ ਮੌਤ ਹੋ ਗਈ। ਭਾਰਤੀ ਸਮਾਜ ਵਿੱਚ ਪਤੀ ਦੀ ਮੌਤ ਕਾਰਣ ਜੋ vacuum ਉਪਜਦਾ ਤੇ ਪਤਨੀ ਨੂੰ ਸਮਾਜ ਕੋਲੋਂ ਜਿਸ ਵਿਵਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਉਹ ਕਿਸੇ ਵਿਆਖਿਆ ਦਾ ਮੁਥਾਜ ਨਹੀਂ। ਸੁਭਾਵਿਕ ਸੀ, ਉਹ ਵਿਚਾਰੀ ਟੁੱਟ ਗਈ, ਦੁੱਖੀ ਅਬਲਾ ਨੂੰ ਲੋਕ ਹੋਰ ਦੁਖੀ ਕਰਦੇ ਜਦ 'ਅਫ਼ਸੋਸ' ਦੇ ਨਾਂ ਹੇਠ ਉਸਦੇ ਦੁਖ ਨੂੰ ਹੋਰ ਫਰੋਲ-ਫਰੋਲ ਕੇ ਅਨਜਾਨੇ ਹੀ ਉਹਦੇ ਹਿਰਦੇ ਨੂੰ ਛਲਨੀ ਕਰਦੇ। ਦੁਖ ਵਿੱਚ ਪਰੇਸ਼ਾਨ ਮਨ ਪ੍ਰਭੂ ਤੋਂ ਦੂਰ ਹੋਣ ਕਰਕੇ ਸਹਿਜੇ ਹੀ ਖਿਝ, ਸ਼ਿਕਵਾ, ਸ਼ਿਕਾਇਤ, ਸਾੜਾ, ਕ੍ਰੋਧ ਆਦਿ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਉਸ lady ਨੇ ਆਪਣੀ ਮਾਨਸਕ ਹਾਲਤ ਸਿੱਖ ਨਾਲ share ਕੀਤੀ। ਸਿੱਖ ਬੰਬਈ ਗਏ, ਉਸ ਨਾਲ ਸਤਿਸੰਗ ਕੀਤਾ, ਗੁਰਬਾਣੀ ਦੇ ਅਧਾਰ ਤੇ ਮੌਤ ਦੀ ਸਚਾਈ ਇਹ ਕਹਿ ਕੇ ਸਮਝਾਈ:

*ਇਹ ਕੁਟੰਬ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥*
*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤ ਲਾਈਐ॥*
*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

(ਪੰਨਾ 918)

*ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥*
*ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥*

(ਪੰਨਾ 1428)

*ਕਿਆ ਤੂ ਸੋਇਆ ਜਾਗੁ ਇਆਨਾ॥*
*ਤੈ ਜੀਵਨ ਜਗਿ ਸਚੁ ਕਰਿ ਜਾਨਾ॥*

(ਪੰਨਾ 793)

*ਸੰਗੁ ਚਲਤ ਹੈ ਹਮ ਭੀ ਚਲਨਾ॥*
*ਦੂਰਿ ਗਵਨੁ, ਸਿਰ ਊਪਰਿ ਮਰਨਾ॥*

(ਪੰਨਾ 793)

*ਜਾਗਹੁ ਜਾਗਹੁ ਸੂਤਿਹੋ, ਚਲਿਆ ਵਣਜਾਰਾ॥*

(ਪੰਨਾ 418)

*ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥*
*ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥*

(ਪੰਨਾ 727)

ਤੇ ਕਿਹਾ- 'ਬੇਟੇ ਸਭ ਕੋ ਮੁਆਫ਼ ਕਰ ਦੋ, ਕਿਸੀ ਕੇ ਭੀ ਲੀਏ ਅਪਨੇ ਮਨ ਮੇਂ rancour, hatred ਨਾ ਰੱਖੋ ਕਿਉਂਕਿ ਸਾਰੇ ਲੋਗ ਪ੍ਰਭੂ ਕੇ ਹੁਕਮ ਮੇਂ ਹੈਂ, ਦੂਸਰੋਂ ਕੋ ਮਾਫ਼ ਕਰ ਕੇ ਹੀ ਹਮ ਪ੍ਰਭੂ ਸੇ ਮੁਆਫ਼ੀ ਪਾਨ ਕੇ ਹੱਕਦਾਰ ਹੋ ਸਕਤੇ ਹੈਂ।' ਕੁਛ ਦਿਨਾਂ ਬਾਅਦ ਉਸ lady ਦਾ ਪਹਿਲਾਂ ਖ਼ਤ ਤੇ ਫਿਰ ਬੀਰਅਕ ਆਇਆ, ਕਿਹਾ- "ਪਾਪਾ ਜੀ, ਆਪ ਠੀਕ ਕਹਤੇ ਥੇ, ਆਪਕੀ ਬਾਤੇਂ ਮਾਨ ਕਰ ਜਬ ਮੈਨੇ ਸਭ ਕੋ ਮਾਫ਼ ਕਰ ਦੀਆ ਤੋਂ ਮੇਰੇ ਮਨ ਮੇਂ ਅਜ਼ੀਬ ਸੀ ਸ਼ਾਂਤੀ ਪੈਦਾ ਹੋ ਗਈ, ਉਸਕੀ reflection (ਝਲਕ) ਮੇਰੇ ਚੇਹਰੇ ਪਰ ਦੇਖ ਮੇਰੇ ਆਫਿਸ ਕੇ ਲੋਗ ਹੈਰਾਨ ਹੋ ਕਰ ਪੂਛਨੇ ਲਗੇ- 'ਅਰੇ, ਆਪ ਤੋ ਬਿਲਕੁਲ ਬਦਲ ਗਈ ਹੈਂ, ਆਪਕੇ ਚੇਹਰੇ ਪਰ ਤੋ ਦੁਖ ਕਾ ਨਿਸ਼ਾਨ ਤੱਕ ਨਹੀਂ।' ਪਾਪਾ ਜੀ ਜਬ ਭੀ ਮੇਰਾ ਮਨ ਬਹਕਨੇ ਲਗਤਾ ਹੈ ਤੋ ਆਪਕੀ ਬਾਤੇਂ ਯਾਦ ਕਰਤੀ ਹੂੰ, ਬਸ ਆਪਕਾ ਚੇਹਰਾ ਸਾਮਨੇ ਆ ਜਾਤਾ ਹੈ ਔਰ ਆਪ ਯਿਹ ਕਹਤੇ ਪ੍ਰਤੀਤ ਹੋਤੇ ਹੈਂ- ਬੇਟਾ, ਸਬ ਕੋ ਮਾਫ਼ ਕਰ ਦੋ।" ਸਤਿਸੰਗ ਵਿੱਚ ਐਸੇ ਅਮਲੀ ਉਦਾਹਰਣ ਸਭ ਦੇ ਮਨਾਂ ਤੇ ਅਸਰ ਕਰਦੇ ਤੇ ਸਾਰਿਆਂ ਨੂੰ ਨਾਮ ਦੀ ਪੜ੍ਹਾਈ ਹੋਰ ਹੋਰ ਦ੍ਰਿੜ ਹੁੰਦੀ ਜਦੋਂ ਇਹ ਗਾਇਆ ਜਾਂਦਾ :

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥*

(ਪੰਨਾ 488)

ਬੜੇ ਅਫਸੋਸ ਦੀ ਗੱਲ ਹੈ ਕਿ ਸਾਡੇ ਅੰਦਰ ਇਹ ਧਾਰਣਾ ਘਰ ਕਰ ਗਈ ਲਗਦੀ ਹੈ ਕਿ ਕੇਵਲ ਗੁਰਦੁਆਰੇ ਜਾਣਾ, ਸੇਵਾ ਕਰਨੀ, ਕੀਰਤਨ ਕਰਨਾ-ਸੁਣਨਾ, ਵਾਜੇ ਤੇ ਪੈਸੇ ਰੱਖਣੇ, ਪੈਸੇ ਦੇ ਕੇ ਅਖੰਡ ਪਾਠ ਕਰਵਾਣੇ, ਕੀਰਤਨ ਦਰਬਾਰ ਕਰਾਣੇ, ਪੈਸੇ ਦੇ ਕੇ ਅਰਦਾਸਾਂ ਕਰਾਉਂਣੀਆਂ (ਦੁਨੀਆਵੀ ਲੋੜਾਂ ਜਾਂ ਦੁੱਖਾਂ ਦੀ ਨਿਵਰਤੀ ਲਈ), ਅੰਮ੍ਰਿਤ ਛਕ ਲੈਣਾ... ਆਦਿ, ਕਾਫ਼ੀ ਹੈ ਧਾਰਮਕ ਬਨਣ ਲਈ। ਅਸੀਂ ਸ਼ਬਦ ਤਾਂ ਪੜ੍ਹਦੇ ਹਾਂ, "ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਲੀਆ ਹੈ ਮੋਲਿ" (ਪੰਨਾ 327), ਪਰ ਨਾ ਸਾਨੂੰ ਕੋਈ ਇਹ ਦ੍ਰਿੜ ਕਰਾਂਦਾ ਹੈ, ਨਾ ਅਸੀਂ ਇਸਦੀ ਲੋੜ ਸਮਝਦੇ ਹਾਂ ਕਿ ਮਨੁ ਦੇ ਰਾਮ ਲੀਆ ਹੈ ਮੋਲਿ, ਅਰਥਾਤ ਗੁਰੂ/ਪ੍ਰਭੂ ਨੂੰ ਆਪਣੀ ਜ਼ਿੰਦਗੀ ਦੀ Priority No. 1 ਬਣਾਏ ਬਗੈਰ ਅਸੀਂ ਧਾਰਮਕ ਨਹੀਂ ਹੋ ਸਕਦੇ, ਸਾਡੀ ਜ਼ਿੰਦਗੀ ਦਾ ਮਕਸਦ 'ਗੋਬਿੰਦ ਮਿਲਨ' ਪੂਰਾ ਨਹੀਂ ਹੋ ਸਕਦਾ। ਸਤਿਸੰਗ ਵਿੱਚ ਇਸ ਗੱਲ ਤੇ ਵਾਰ-ਵਾਰ ਜੋਰ ਦਿੱਤਾ ਜਾਂਦਾ ਕਿ ਭਾਵੇਂ ਵਿਆਹ-ਸ਼ਾਦੀ ਹੋਵੇ ਜਾਂ ਮੌਤ, ਭਾਵੇਂ ਖੁਸ਼ੀ ਹੋਵੇ ਜਾਂ ਗ਼ਮੀ, ਹਰ ਹਾਲ ਵਿੱਚ ਸਿੱਖ ਨੇ ਗੁਰੂ ਦੇ ਹੁਕਮਾਂ ਨੂੰ ਪਹਿਲ ਦੇਣੀ ਹੈ। ਜਦੋਂ ਵੀ ਕਿਤੇ conflict (ਟਕਰਾਅ) ਹੋਵੇ ਕਿ ਦੁਨੀਆ ਨੂੰ ਖ਼ੁਸ਼ ਕਰੀਏ ਜਾਂ ਗੁਰੂ ਨੂੰ, ਬੇਝਿਝਕ ਹੋ ਕੇ ਗੁਰਮਤਿ ਗਾਡੀ ਰਾਹ ਅਪਨਾਈਏ। ਗੁਰੂ ਸਾਹਿਬ ਦੇ ਫੁਰਮਾਨਾਂ- "*ਦੁਖੀ ਦੁਨੀ ਸਹੇੜੀਐ, ਜਾਇ ਤ ਲਗਹਿ ਦੁਖ*" (ਪੰਨਾ 1287), "*ਆਤਸ ਦੁਨੀਆ ਖੁਨਕ ਨਾਮ ਖੁਦਾਇਆ*" (ਪੰਨਾ 1291), "*ਦੀਨ ਛਡਾਇ ਦੁਨੀ ਜੋ ਲਾਏ॥ ਦੁਹੀ ਸਰਾਈ ਖੁਨਾਮੀ ਕਹਾਏ*" (ਪੰਨਾ 742) ...ਰਾਹੀਂ ਸਾਡੇ ਦੁੱਖਾਂ ਦਾ ਕਾਰਣ "ਦੁਹੀ ਸਰਾਈ ਖੁਨਾਮੀ ਕਹਾਏ" (ਪੰਨਾ 98) ਸਮਝਾਇਆ ਜਾਂਦਾ ਤੇ ਨਾਲ ਹੀ ਇਹ ਵੀ ਦ੍ਰਿੜ ਕਰਾਇਆ ਜਾਂਦਾ ਕਿ ਪ੍ਰਭੂ ਦੇ ਰਸਤੇ ਤੇ ਤੁਰਨ ਨਾਲ ਕਿਸੇ ਵੀ ਤਰ੍ਹਾਂ ਦੀ ਘਾਟ ਨਹੀਂ ਰਹਿ ਸਕਦੀ ਸਿੱਖ ਦੇ ਜੀਵਨ ਵਿੱਚ :

*ਜਾ ਤੂ ਮੇਰੇ ਵਲਿ ਹੈ ਤਾ ਕਿਆ ਮੁਹਛੰਦਾ॥*
*ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥*

(ਪੰਨਾ 1096)

*ਜਾ ਕੀ ਮੀਤੁ ਸਾਜਨੁ ਹੈ ਸਮੀਆ॥*
*ਤਿਸੁ ਜਨ ਕਉ ਕਹੁ ਕਾ ਕੀ ਕਮੀਆ॥*

(ਪੰਨਾ 186)

*ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ॥*
*ਦੁਖੁ ਦਰਦੁ ਭ੍ਰਮੁ ਤਾ ਕਾ ਭਾਗਾ॥*
*ਗੁਰਿ ਪੂਰੇ ਮੇਰੀ ਰਾਖਿ ਲਈ॥*
*ਅੰਮ੍ਰਿਤ ਨਾਮ ਰਿਦੇ ਮਹਿ ਦੀਨੋ*
*ਜਨਮ ਜਨਮ ਕੀ ਮੈਲੁ ਗਈ॥*

(ਪੰਨਾ 82)

*ਪਾਰਬ੍ਰਹਮਿ ਨਿਬਾਹੀ ਪੂਰੀ॥*
*ਕਾਈ ਬਾਤੀ ਨ ਰਹੀਆ ਊਰੀ॥*

(ਪੰਨਾ 623)

ਦੋ ਉਦਾਹਰਨਾਂ ਰਾਹੀਂ ਇਹ ਹੋਰ ਸਪਸ਼ਟ ਹੋਇਆ। ਇੱਕ ਪਿਤਾ ਨੇ ਆਪਣੇ ਇੱਕ ਪੁੱਤਰ ਨਾਲ ਮਿਲ ਕੇ ਆਪਣੇ ਦੂਜੇ ਬੇਟੇ ਦੇ ਖਿਲਾਫ਼ ਮੁਕੱਦਮਾ ਦਾਇਰ ਕੀਤਾ ਹੈ ਤੇ ਇਹ ਕੋਸ਼ਿਸ਼ ਵੀ ਕੀਤੀ ਕਿ ਪੁਲੀਸ ਉਸ ਨੂੰ ਜੇਲ ਵਿੱਚ ਬੰਦ ਕਰ ਕੇ ਤਸੀਹੇ ਦੇਵੇ। ਅਸੀਂ ਦੁਖੀ ਹਾਂ ਪਰ ਸਾਰੇ ਸੁੱਖਾਂ ਦੇ Source ਪ੍ਰਭੂ ਕੋਲ ਜਾਏ ਬਗੈਰ, ਕੇਵਲ ਕਰਮਕਾਂਡ ਕਰ ਕੇ ਸੁਖੀ ਹੋਣਾ ਚਾਹੁੰਦੇ ਹਾਂ, this is just NOT possible, ਇਹ ਵਾਰ-ਵਾਰ ਪੱਕਾ ਕਰਾਇਆ ਜਾਂਦਾ। ਦੂਜੇ example ਵਿੱਚ ਦੱਸਿਆ ਗਇਆ ਕਿ ਇੱਕ ਹੁਕਮੀ ਸਿੱਖ ਨੇ ਕਿਵੇਂ ਆਪਣੀ ਮਾਤਾ ਦੀ ਮੌਤ ਸਮੇਂ ਵੀ, ਮਾਂ ਦੀ ਲਾਸ਼ ਘਰ ਪਈ ਸੀ ਤੇ ਸਿੱਖ ਇਸ਼ਨਾਨ-ਨਿਤਨੇਮ ਕਰ ਕੇ, ਅੰਮ੍ਰਿਤ ਵੇਲੇ 4:30 ਵਜੇ ਗੁਰਦੁਆਰੇ ਪਹੁੰਚ ਗਇਆ ਸੀ, ਗੁਰੂ ਦਰਬਾਰ ਦੇ ਦਰਸ਼ਨ ਕਰਨ ਤੇ ਭਾਣਾ ਮੰਨ ਕੇ ਗੁਰੂ ਦਾ ਧੰਨਵਾਦ ਕਰਨ ਲਈ :

*ਜਿਸ ਕੀ ਬਸਤੁ ਤਿਸੁ ਆਗੈ ਰਾਖੈ॥*
*ਪ੍ਰਭ ਕੀ ਆਗਿਆ ਮਾਨੈ ਮਾਥੈ॥*

(ਪੰਨਾ 268)

ਤੇ ਫਿਰ ਪ੍ਰਭੂ ਨੇ ਉਸ ਸਿੱਖ ਦੀ ਜ਼ਿੰਦਗੀ ਵਿੱਚ "*ਉਸ ਤੇ ਚਉਗੁਨ ਕਰੈ ਨਿਹਾਲੁ*" (ਪੰਨਾ 268) ਦੀ ਪ੍ਰਤੱਖ ਸਚਾਈ ਪ੍ਰਗਟ ਕਰ ਵਿਖਾਈ ਸੀ। ਉਨ੍ਹਾਂ ਦੀ ਜ਼ਿੰਦਗੀ ਵਿੱਚ ਹੁਣ ਕੋਈ ਦੁਖ ਨਹੀਂ ਤੇ ਗੁਰੂ ਕਿਰਪਾ ਸਦਕਾ ਉਹ ਆਪ ਵੀ ਹਰ ਵੇਲੇ ਅਨੰਦ ਵਿੱਚ ਰਹਿੰਦੇ ਹਨ ਤੇ ਹੋਰਨਾਂ ਨੂੰ ਵੀ ਅਨੰਦ ਵੰਡਦੇ ਹਨ।

ਸਤਿਸੰਗ ਵਿੱਚ ਇੱਕ ਹੋਰ ਬਹੁਤ ਸੁੰਦਰ ਗੱਲ ਸੁਣੀ- 'ਗੁਰੂ ਗ੍ਰੰਥ ਸਾਹਿਬ ਕੋਲ ਹਰ ਤਰ੍ਹਾਂ ਦੀ facility available ਹੈ, ਇਹ ਲੈਣ ਵਾਲੇ ਤੇ depend ਕਰਦਾ ਹੈ ਕਿ ਉਹ ਗੁਰੂ ਦੀ ਸਿੱਖਿਆ ਸੁਣੇ, ਮੰਨੇ ਤੇ ਅਮਲ ਕਰਕੇ ਉਸ facility ਨੂੰ avail ਕਰ ਕੇ ਹਮੇਸ਼ਾਂ ਲਈ ਸੁਖੀ ਹੋ ਜਾਏ। ਕੇਵਲ ਗੱਲਾਂ ਕਰਨ ਨਾਲ ਗੱਲ ਨਹੀਂ ਬਣਨੀ,

...ਮ ਦੇ ਦੇਸ਼ ਬਾਤਾਂ ਨਾਲ ਨਹੀਂ ਜਾਇਆ ਜਾ ...ਕਦਾ। ਕੇਵਲ ਅੱਖਾਂ ਨਾਲ ਗੁਰੂ ਦੇ ਦਰਸ਼ਨ ਕਰਨ ...ਾਲ ਵੀ ਕੰਮ ਨਹੀਂ ਬਨਣਾ- *"ਡਿਠੈ ਮੁਕਤਿ ਨ ਹੋਵਈ ...ਿਚਰੁ ਸਬਦਿ ਨ ਕਰੇ ਵੀਚਾਰੁ"* (ਪੰਨਾ 594), ਗੱਲ ...' ਉਦੋਂ ਬਣੇਗੀ ਜਦੋਂ ਗੁਰ ਉਪਦੇਸ਼ ਨੂੰ ਗੁਰ ਨਾਲ ਪਕੜ ...ਕ ਉਸਦੀ ਕਮਾਈ ਕਰਾਂਗੇ। ਦਿੱਲੀ ਇੱਕ ਬੇਟੀ ਆਈ ...ਿਸਨੇ ਅੰਮ੍ਰਿਤ ਤਾਂ ਛਕਿਆ ਹੋਇਆ ਸੀ ਪਰ ਨਾ ਅੰਮ੍ਰਿਤ ਵੇਲਾ ਕਰਦੀ ਸੀ, ਨਾ regular ਨਿਤਨੇਮ ਤੇ ਦੁਖੀ ਇਸ ਕਰਕੇ ਸੀ ਕਿ ਉਸਦੇ ਚੇਹਰੇ ਤੇ ਵਾਲ ਉਗ ਆਉਂਦੇ ਸਨ। ਆਪਣੀ ਬਾਹਰਲੀ ਸੁੰਦਰਤਾ ਬਣਾਏ ਰੱਖਣ ਲਈ ਉਹ ਕਈ ਵਾਰ beauty parlour ਵੀ ਹੋ ਆਈ ਸੀ ਤੇ ਐਸਾ ਕਰਕੇ ਉਸਦਾ ਮਨ ਦੁਖੀ ਸੀ। ਪ੍ਰਭੂ ਨੇ ...ਿਰਪਾ ਕੀਤੀ, ਮਨ ਦੀ ਇਸ ਪ੍ਰੇਸ਼ਾਨੀ ਅੰਦਰ ਉਸਨੂੰ ਸਤਿਸੰਗ ਮਿਲਾ ਦਿੱਤਾ ਤੇ ਸਤਿਸੰਗ ਦੌਰਾਨ ਉਸਨੂੰ ਅਸਲੀ ਸੁੰਦਰਤਾ ਦੀ ਗੱਲ ਸਮਝ ਆਈ :

*...ਾਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*...ਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
(ਪੰਨਾ 253)

*ਜੋ ਜਾਨੈ ਮੈ ਜੋਬਨ ਵੰਤੁ॥*
*ਸੋ ਹੋਵਤ ਬਿਸਟਾ ਕਾ ਜੰਤੁ॥*
(ਪੰਨਾ 278)

*ਕਪੜੁ ਰੂਪੁ ਸੁਹਾਵਣਾ*
*ਛਡਿ ਦੁਨੀਆ ਅੰਦਰਿ ਜਾਵਣਾ॥*
(ਪੰਨਾ 470)

*ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥*
(ਪੰਨਾ 473)

*ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ॥*
*ਸੋ ਪ੍ਰਭੁ ਸਿਮਰਹੁ ਸਦਾ ਅਨੂਪੁ॥*
(ਪੰਨਾ 270)

ਆਗਿਆਨਤਾ ਕਾਰਨ ਪੈਦਾ ਹੋਏ ਝੂਠੀ ਸੁੰਦਰਤਾ ਦੇ ਭਰਮ ਨੂੰ ਗੁਰੂ ਸ਼ਬਦ ਦੇ ਪਰਗਾਸ ਨੇ ਦੂਰ ਕਰ ਦਿੱਤਾ। ਉਸਨੂੰ ਸਮਝ ਆ ਗਈ ਕਿ ਅਸਲੀ ਸੁੰਦਰਤਾ ਕੀ ਹੈ ਤੇ ਉਸ ਫ਼ੈਸਲਾ ਕੀਤਾ ਕਿ ਹੁਣ ਉਹ ਬਾਹਰਲੀ beauty ਤੇ ਧਿਆਨ ਦੇਣ ਦੀ ਬਜਾਇ ਆਪਣੇ ਅੰਦਰਲੇ ਨੂੰ ਸੁੰਦਰ ਬਣਾ ਕੇ ਪ੍ਰਭੂ ਨੂੰ ਰਿਝਾਣ ਦੀ ਕੋਸ਼ਿਸ਼ ਕਰੇਗੀ ਤਾਂ ਜੋ ਸਦਾ ਲਈ ਸੁੰਦਰ ਰਹਿ ਸਕੇ।

ਮੇਰੇ ਵਰਗੇ ਗੁਣਹੀਨ, ਅਪਰਾਧੀ, ਨਮਕਹਰਾਮ, ਅਕਿਰਤਘਣ, ਬੇਮੁਖ, ਨਿੰਦਕ, ਚੋਰ-ਯਾਰ, ਜੁਆਰ ਨੂੰ ਗੁਰੂ ਨੇ ਅਪਾਰ ਕਿਰਪਾ ਕਰ ਕੇ ਐਸੇ ਸਤਿਸੰਗ ਵਿੱਚ ਸੁਹਾਗਰਾਤ ਤੇ ਹਨੀਮੂਨ ਦਾ ਰੰਗ ਸੁਨਣ, ਵੇਖਣ ਤੇ ਮਾਨਣ ਦਾ ਸੁਭਾਗ ਬਖਸ਼ਿਆ, ਇਹ ਪ੍ਰਭੂ ਦੇ ਬਿਅੰਤ ਕਿਰਪਾਲੂ, ਦਇਆਲੂ, ਕਰੀਮ, ਰਹੀਮ ਹੋਣ ਦਾ ਸਬੂਤ ਹੈ। ਸਾਰੀ ਸੰਗਤ ਮੇਰੇ ਨਿਮਾਣੇ, ਨਿਤਾਣੇ ਲਈ ਅਰਦਾਸ ਕਰੇ।

*ਮੇਰੇ ਮਨਹੁ ਨ ਵਿਸਰਹਿ ਵਾਹਿਗੁਰੂ*

ਤਾਂ ਜੇ, ਜੋ ਸੁਣਿਆ, ਵੇਖਿਆ, ਮਾਣਿਆ ਹੈ ਉਸਤੇ ਅਮਲ ਕਰ ਕੇ ਭੇਖੀ ਤੋਂ ਅਮਲੀ ਸਿੱਖ ਬਣ ਸਕਾਂ। ☬


## ਗੁਰਮੁਖ ਢੂਢ ਢੂਢੇਦਿਆਂ ( Free Matrimonial Service )

**SUITABLE** match for a Sikh Arora, Matriculate, Mohali settled businessman boy (26, 5'-4"). **Contact** : S. Harshbeer Singh, # 1533/V, Mohali. Phone: 679426, 674910, 265910

**SUITABLE** match for Arora Sikh boy 33/6'-1" established business, owns car, kothi, showroom, early marriage; and **SUITABLE** match for B.Com CA/Inter Pursuing Final 31/5'-3" Arora girl beautiful, slim, soft spoken culture. Decent early marriage.
**Contact** : S. Jagmit Singh, # 1621, Phase: 5, Mohali

**SUITABLE** match for a Sikh Arora, B.E. (Electrical), M.B.A. (Finance), having own well-established business. Minimum HT Required 5-4". **Contact:** Er. R.S. Gulati, # 1219, Sector: 42-B, Chandigarh Phone: 664806, 603661

ਨੋਟ: ਅੱਗੇ ਤੋਂ ਅਸੀਂ ਮੈਟ੍ਰੀਮੋਨੀਅਲ ਵਿੱਚ ਬਾਕਸ ਨੰਬਰ ਨਹੀਂ ਦਿਆਂਗੇ ਸਗੋਂ ਲੋੜਵੰਦਾ ਦਾ ਐਡਰੈਸ ਹੀ ਛਾਪ ਦਿਆਂਗੇ ਸੋ ਇਸ ਬਾਰੇ ਮੈਟ੍ਰੀਮੋਨੀਅਲ ਦੇਣ ਵਾਲਿਆਂ ਨਾਲ ਸਿੱਧਾ ਸੰਪਰਕ ਕੀਤਾ ਜਾਵੇ।
ਅਸੀਂ 'ਵਿਚੋਲੇ' ਵਾਲਾ ਕੰਮ ਨਹੀਂ ਕਰ ਸਕਦੇ। ਖ਼ਿਮਾਂ!

# ਮੇਰਾ ਮਨ ਲੋਚੈ ਗੁਰ ਦਰਸਨ ਤਾਈਂ

ਡਾ. ਹਰਨੇਕ ਸਿੰਘ ਕਲੇਰ
( # 1857/3 ਫੇਜ਼: 10, ਮੋਹਾਲੀ/ਰੋਪੜ )

ਅੰਮ੍ਰਿਤ ਵੇਲਾ ਸੀ। ਲਾਹੌਰ ਸ਼ਹਿਰ ਘੂਕ ਸੌਂ ਰਿਹਾ ਸੀ। ਸ਼ਹਿਰ ਤੋਂ ਦੂਰ ਰਾਵੀ ਦਰਿਆ ਸ਼ਾਂਤ ਵਗ ਰਿਹਾ ਸੀ। ਕਦੇ ਕੋਈ ਲਹਿਰ ਆਉਂਦੀ ਤਾਂ ਮਿੱਠੇ ਸੰਗੀਤ ਸੰਗ ਵਾਤਾਵਰਨ ਗੂੰਜ ਉੱਠਦਾ। ਪੰਛੀ ਚਹਿਚਹਾ ਰਹੇ ਸਨ। ਬ੍ਰਿਛ ਚੁੱਪ ਖਲੋਤੇ ਸਨ। ਹਵਾ ਦਾ ਬੁੱਲ੍ਹਾ ਆਉਂਦਾ ਤਾਂ ਪੱਤੇ ਕਿਰ-ਕਿਰ ਧਰਤੀ ਉੱਤੇ ਜਾ ਪੈਂਦੇ। ਕੁਝ ਪੱਤੇ ਰਾਵੀ ਦੇ ਪਾਣੀ ਵਿੱਚ ਜਾ ਡਿੱਗਦੇ। ਇਸ ਸਮੇਂ ਰਾਵੀ ਦੇ ਕਿਨਾਰੇ ਪੱਤਿਆਂ ਤੇ ਪੈੜ ਚਾਲ ਹੋਈ। ਹਵਾ ਵਿੱਚੋਂ ਇੱਕ ਲੈਅ ਉੱਚੀ ਉੱਠੀ। ਚਹਿਚਹਾਉਂਦੇ ਪੰਛੀ ਸ਼ਾਂਤ ਹੋ ਗਏ। ਰਾਵੀ ਦੀਆਂ ਲਹਿਰਾਂ ਦਾ ਸੰਗੀਤ ਉਸ ਵਿੱਚ ਘੁੱਲ ਗਿਆ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਇੱਕ ਸਿੱਖ ਬਾਣੀ ਗਾ ਰਿਹਾ ਸੀ।

*ਮੇਰਾ ਮਨ ਲੋਚੈ ਗੁਰ ਦਰਸਨ ਤਾਈਂ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖ ਨ ਉਤਰੈ ਸਾਂਤਿ ਨ ਆਵੈ॥*
*ਬਿਨ ਦਰਸ਼ਨ ਸੰਤ ਪਿਆਰੇ ਜੀਉ॥*

ਮਾਨਵ ਦੇ ਤਪਦਿਆਂ ਹਿਰਦਿਆਂ ਨੂੰ ਠਾਰਨ ਵਾਲੀ ਮਿੱਠੀ ਬਾਣੀ ਦੇ ਬੋਲ ਮਨ ਨੂੰ ਸ਼ਾਂਤੀ ਦੇ ਰਹੇ ਸਨ। ਪੰਛੀ ਬਾਣੀ ਸੁਣ ਰਹੇ ਸਨ। ਦਰੱਖ਼ਤ ਫੁੱਲ-ਫ਼ਲ ਤੇ ਪੱਤੇ ਤਾਲ ਦੇ ਰਹੇ ਸਨ। ਰਾਵੀ ਦੀਆਂ ਲਹਿਰਾਂ ਸੰਗੀਤ ਦੇ ਰਹੀਆਂ ਸਨ। ਧਰਤੀ ਮੰਤਰ-ਮੁਗਧ ਸੀ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀਆਂ ਬਖ਼ਸ਼ਿਸ਼ਾਂ ਹੋ ਰਹੀਆਂ ਸਨ। ਇਸ ਸਮੇਂ ਸ਼ਹਿਰ ਵਿੱਚ ਜੇਕਰ ਕੋਈ ਜਾਗ ਰਿਹਾ ਸੀ ਤਾਂ ਸਾਈਂ ਮੀਆਂ ਮੀਰ ਜੀ। ਆਪ ਦੇ ਕੰਨਾਂ ਵਿੱਚ ਧੁਰ ਕੀ ਬਾਣੀ ਦੇ ਬੋਲ ਪਏ। ਆਪ ਉੱਠ ਕੇ ਰਾਵੀ ਵੱਲ ਚੱਲ ਪਏ। ਮਨ ਵਿੱਚ ਸੋਚਾਂ ਸਨ। ਸੋਚਾਂ ਵਿੱਚ ਅੱਖਾਂ ਦੇ ਸਨਮੁੱਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੂਰਤ ਸੀ। ਅੰਮ੍ਰਿਤਸਰ ਸ਼ਹਿਰ ਸੰਗਤਾਂ ਖ਼ੁਸ਼ੀ ਵਿੱਚ ਸ਼ਾਂਤ-ਚਿਤ ਕੰਮ ਕਾਜ ਕਰ ਰਹੀਆਂ ਸਨ। ਕੋਈ ਇੱਟਾਂ ਢੋਅ ਰਿਹਾ ਹੈ ਕੋਈ ਗਾਰਾ। ਗੁਰੂ ਅਰਜਨ ਦੇਵ ਜੀ ਇੱਟਾਂ ਫੜਾ ਰਹੇ ਸਨ। ਸਾਈਂ ਮੀਆਂ ਮੀਰ ਜੀ ਤਸਲੇ ਵਿੱਚੋਂ ਕਾਂਡੀ ਨਾਲ ਮਸਾਲਾ ਪਾਉਂਦੇ ਅਤੇ ਬਹੁਤ ਹੀ ਸਹਿਜ ਨਾਲ ਇੱਟ ਲਗਾ ਦਿੰਦੇ। ਇੱਕ-ਇੱਕ ਕਰਕੇ ਪੰਜ ਇੱਟਾਂ ਸਾਈਂ ਮੀਆਂ ਮੀਰ ਜੀ ਨੇ ਲਾਈਆਂ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰੱਖੀ ਜਾ ਰਹੀ ਸੀ। ਪਵਿੱਤਰ ਕੋਮਲ ਹੱਥ, ਦੁੱਧ ਚਿੱਟੇ ਬਸਤਰ ਗੁਰੂ ਅਰਜਨ ਦੇਵ ਜੀ ਪੰਜ ਬਾਣੀਆਂ ਦਾ ਜਾਪ ਕਰ ਰਹੇ ਸਨ। ਫਿਰ ਸਾਈਂ ਜੀ ਇੱਟਾਂ ਫੜਾਉਣ ਲਗ ਪਏ ਤੇ ਗੁਰੂ ਜੀ ਇੱਟਾਂ ਲਾਉਣ ਲੱਗ ਪਏ। ਗੁਰੂ ਜੀ ਕਾਂਡੀ ਨਾਲ ਮਸਾਲਾ ਪਾਉਂਦੇ ਹੱਥ ਵਿੱਚ ਇੱਟ ਫੜ ਕੇ ਅਸਮਾਨ ਵੱਲ ਦੇਖਦੇ ਤੇ ਅਕਾਲ ਪੁਰਖ ਦਾ ਧੰਨਵਾਦ ਕਰਦੇ। ਸਾਰੀ ਸੰਗਤ ਸਤਿਨਾਮ-ਵਾਹਿਗੁਰੂ ਦਾ ਜਾਪ ਜਪ ਰਹੀ ਸੀ। ਸਾਈਂ ਮੀਆਂ ਮੀਰ ਜੀ ਦੀ ਖ਼ੁਸ਼ੀ ਡੁੱਲ-ਡੁੱਲ ਪੈਂਦੀ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸ਼ੁਰੂ ਹੋ ਗਈ।

ਲਾਹੌਰ ਕਿਲ੍ਹੇ ਦਾ ਦਰਵਾਜਾ ਖੁੱਲ੍ਹਿਆ। ਸਾਈਂ ਜੀ ਬਹੁਤ ਉਦਾਸ ਸਨ। ਇੱਕ ਪਾਸੇ ਲੋਹਾਂ ਤਪ ਰਹੀਆਂ ਸਨ। ਲਟ-ਲਟ ਅੱਗ ਬਲ ਰਹੀ ਸੀ। ਗੁਰੂ ਅਰਜਨ ਦੇਵ ਜੀ ਸਾਂਤ-ਚਿਤ ਤੱਤੀ ਤਵੀ ਉੱਤੇ ਬੈਠੇ ਸਨ। ਸਿਰ ਵਿੱਚ ਗਰਮ ਰੇਤ ਦੇ ਕੜਛੇ ਪਾਏ ਜਾ ਰਹੇ ਸਨ। ਸਾਈਂ ਜੀ ਨੇ ਗੁਰੂ ਜੀ ਨੂੰ ਨਮਸਕਾਰ ਕਰਕੇ ਅੱਖਾਂ ਮੀਚ ਲਈਆਂ। ਨੈਣਾਂ 'ਚੋਂ ਨੀਰ ਟਪਕ ਰਿਹਾ ਸੀ। ਗਲੇ ਵਿੱਚੋਂ ਆਵਾਜ਼ ਨਹੀਂ ਸੀ ਨਿਕਲ ਰਹੀ। ਸਾਂਈ ਜੀ ਅਸਮਾਨ ਵੱਲ ਮੂੰਹ ਕਰਕੇ ਅੱਲਾਹ ਤੋਂ ਦੁਆ ਮੰਗ ਰਹੇ ਹਨ। ਫਿਰ ਇਉਂ ਕਹਿ ਕੇ ਆਪ ਜੀ ਵੱਲ ਮੁੜਦੇ ਹਨ, "ਗੁਰੂ ਜੀ ਤੁਹਾਡਾ ਹੁਕਮ ਹੋਵੇ ਤਾਂ ਦਿੱਲੀ ਦੀ ਜ਼ਾਲਮ ਸਰਕਾਰ ਦੀ ਇੱਟ ਨਾਲ ਇੱਟ ਖੜਕਾ ਦਈਏ।" ਗੁਰੂ ਅਰਜਨ ਦੇਵ ਜੀ, ਸਾਈਂ ਜੀ ਨੂੰ ਬਿਲਕੁੱਲ ਸਾਂਤ ਰਹਿਣ ਲਈ ਇਸ਼ਾਰਾ ਕਰਦੇ ਹਨ। ਰੱਬ ਦੀ ਰਜ਼ਾ ਵਿੱਚ ਰਹਿਣ ਤੇ ਭਾਣਾ ਮੰਨਣ ਦੀ ਗੱਲ ਦੁਹਰਾਉਂਦੇ ਹਨ। ਸਾਈਂ ਜੀ ਬੇਚੈਨ ਹਨ। ਜਾਪਦਾ ਹੈ ਜਿਵੇਂ ਸਾਈਂ ਜੀ ਆਪ ਹੀ ਇਸ ਜ਼ੁਲਮ ਦੀ ਭੱਠੀ ਵਿੱਚ ਸੜ ਰਹੇ ਹੋਣ। ਉਹਨਾਂ ਦੇ ਮੁਰੀਦ ਇਹ ਦ੍ਰਿਸ਼ ਦੇਖ ਕੇ ਤ੍ਰਾਹਿ ਤ੍ਰਾਹਿ ਕਰ ਰਹੇ ਹਨ।

ਸਾਈਂ ਮੀਆਂ ਮੀਰ ਜੀ ਅਕਾਸ਼ ਵੱਲ ਹੱਥ ਉੱਚੇ ਕਰਕੇ ਆਪ ਮੁਹਾਰਾ ਹੀ ਬੋਲ ਰਹੇ ਹਨ। ਇਹਨਾਂ ਹੱਥਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰਖਵਾਉਣ ਵਾਲੇ ਪੰਚਮ ਪਾਤਸ਼ਾਹ ਅੱਜ ਆਪ ਦਿੱਲੀ ਦਰਬਾਰ ਦੇ ਜ਼ੁਲਮ ਦੀ ਤੱਪਦੀ ਭੱਠੀ ਨੂੰ ਸ਼ਾਂਤ ਕਰੀ ਜਾ ਰਹੇ ਹਨ। ਸਾਈਂ ਜੀ ਦੇ ਹੱਥ ਅਕਾਸ਼ ਵੱਲ ਉੱਚੇ ਉੱਠੇ ਤੇ ਨਜ਼ਰ ਰਾਵੀ ਦੇ ਪਾਣੀਆਂ ਵੱਲ ਚਲੀ ਗਈ। ਕੀ ਦੇਖਦੇ ਹਨ ਕਿ ਸ਼ਾਂਤੀ ਦੇ ਸਾਗਰ ਗੁਰੂ ਅਰਜਨ ਦੇਵ ਜੀ ਰਾਵੀ ਵਿੱਚ

ਪੈਰ ਪਾਉਂਦੇ ਹਨ। ਫਿਰ ਅੱਗੇ ਵੱਧਦੇ ਤੁਰੇ ਜਾਂਦੇ ਹਨ। ਸੰਗਤ ਰਾਵੀ ਦੇ ਕੰਢੇ ਉੱਤੇ ਖੜੀ ਹੈ। ਗੁਰੂ ਅਰਜਨ ਦੇਵ ਜੀ ਰਾਵੀ ਦੇ ਪਾਣੀ ਵਿੱਚ ਡੁੱਬਕੀ ਲਾਉਂਦੇ ਹਨ। ਇੱਕ ਵਾਰ ਪਾਣੀ ਦੇ ਉੱਪਰ ਆ ਕੇ ਸੰਗਤ ਵੱਲ ਨਜ਼ਰ ਘੁੰਮਾਉਂਦੇ ਹਨ। ਬਖ਼ਸਿਸ਼ਾਂ ਨਾਲ ਭਰਪੂਰ ਤੇ ਫਿਰ ਰਾਵੀ ਵਿੱਚ ਜਾ ਸਮਾਉਂਦੇ ਹਨ। ਸਾਰੀ ਸੰਗਤ ਰਾਵੀ ਦੇ ਸ਼ਾਂਤ-ਚਿਤ ਪਾਣੀ ਵੱਲ ਤੱਕਦੀ ਹੈ। ਕੁਝ ਦੇਰ ਬਾਅਦ ਸੰਗਤ ਦੇ ਮੂੰਹੋਂ ਆਪ ਮੁਹਾਰੇ ਵਾਹਿਗੁਰੂ-ਵਾਹਿਗੁਰੂ ਦੀਆਂ ਅਵਾਜ਼ਾਂ ਉੱਚੀਆਂ ਹੋ ਜਾਂਦੀਆਂ ਹਨ। ਸਾਈਂ ਮੀਆਂ ਮੀਰ ਜੀ ਹੌਲੀ ਹੌਲੀ ਰਾਵੀ ਦੇ ਕਿਨਾਰੇ ਤੁਰੇ ਜਾ ਰਹੇ ਹਨ। ਸ਼ਾਂਤ ਵਾਤਾਵਰਨ ਹੈ। ਬਾਣੀ ਦੀ ਲੈ ਫਿਰ ਉੱਚੀ ਉੱਠਦੀ ਹੈ। ਪੱਤਿਆਂ ਤੇ ਪੈੜ-ਚਾਲ ਹੁੰਦੀ ਹੈ। ਤੁਰਦਿਆਂ-ਤੁਰਦਿਆਂ ਹੀ ਸਾਈਂ ਜੀ ਠੋਹਕਰ ਲੱਗ ਕੇ ਡਿਗਣ ਲਗ਼ਦੇ ਹਨ ਤਾਂ ਗੁਰੂ ਦਾ ਸਿੱਖ ਅੱਗੇ ਵਧ ਕੇ ਸਾਈਂ ਮੀਆਂ ਮੀਰ ਜੀ ਨੂੰ ਸੰਭਾਲਦਾ ਆਖਦਾ ਹੈ, ਸਾਈਂ ਜੀ ਗੁਰੂ ਅਰਜਨ ਦੇਵ ਜੀ ਛੇਵੇਂ ਜਾਮੇ ਵਿੱਚ ਅੰਮ੍ਰਿਤਸਰ ਦੀ ਧਰਤੀ 'ਤੇ ਪ੍ਰਗਟ ਹੋ ਗਏ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਰੂਪ ਵਿੱਚ। ਆਓ, ਦਰਸ਼ਨ ਕਰਨ ਚਲੀਏ। ਸਾਈਂ ਮੀਆਂ ਮੀਰ ਜੀ ਅੱਖਾਂ ਖੋਹਲਦੇ ਹਨ ਤੇ ਰਾਵੀ ਦੇ ਉਸ ਕੰਢੇ ਸੀਸ ਝੁਕਾ ਕੇ ਘਰ ਵੱਲ ਤੁਰ ਪੈਂਦੇ ਹਨ।

## Diploma in Gurmat Sangeet

Punjabi University, Patiala (Punjab), has been conducting a Diploma Course in Gurmat Sangeet, through correspondence since 1997. So far they have been enrolling students within India only.

It is learnt that it is proposed to extend this facilities to person living in foreign countries also, who are devoted to Gurmat. The University authorities would welcome association from individuals / religious organisation in conduct of Diploma Course in Gurmat Sangeet. Those interested are requested to correspond at the undermentioned address:

**The Director Correspondence Course**

**Punjabi University**
**Patiala (Punjab) India Pin 147 001**
Telephone : PBX - 822161 - 65
Fax : 0175 - 282882 E-Mail : jsa@pbi.ernet.in

## ਵਿਸ਼ੇਸ਼ ਬੇਨਤੀ

1. 'ਅੰਮ੍ਰਿਤ ਕੀਰਤਨ' ਦੇ ਪਾਠਕਾਂ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਰਹਿ ਰਹੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੇ Telephone No., Fax No. ਤੇ E-Mail Address ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਮੇਲ ਹੋਰ ਸੁਚੱਜੇ ਢੰਗ ਨਾਲ ਹੋ ਸਕੇ।
2. ਚਿੱਠੀ ਪੱਤਰ ਕਰਨ ਵੇਲੇ ਆਪਣਾ Subscriber No. ਜ਼ਰੂਰ ਲਿਖਣ ਦੀ ਖੇਚਲ ਕਰਨਾ।
3. ਜੇ ਤੁਹਾਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ

## ਡਾ. ਤਾਰਨ ਸਿੰਘ

ਨਿਰਸੰਦੇਹ ਗੁਰੂ ਅਰਜਨ ਸਾਹਿਬ ਦੀ ਸਾਰੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਰਖਸ਼ਤ ਸਾਂਭੀ ਪਈ ਹੈ। ਰਾਗ-ਕ੍ਰਮ ਅਨੁਸਾਰ 30 ਰਾਗਾਂ ਵਿੱਚ ਆਪ ਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :

| ਨਾਮ ਰਾਗ | ਪਦੇ | ਅਸ਼ਟਪਦੀਆ | ਵਿਸ਼ੇਸ਼ ਰਚਨਾਵਾਂ | ਛੰਦ | ਸਲੋਕ | ਪਉੜੀਆਂ |
|---|---|---|---|---|---|---|
| ਸਿਰੀ | 30 | 3 | ਪਹਰੇ-1 | 2 | 1 | - |
| ਮਾਝ | 43 | 5 | ਬਾਰਹਮਾਹ (14) ਦਿਨ ਰੈਣ | - | - | - |
| ਗਉੜੀ | 172 | 15 | ਬਾਵਨ ਅਖਰੀ ਸੁਖਮਨੀ, ਥਿਤੀ | 4 | 50 | 26 |
| ਆਸਾ | 168 | 2 | ਬਿਰਹੜੇ (3) | 14 | - | - |
| ਗੂਜਰੀ | 32 | 2 | - | - | 42 | 21 |
| ਦੇਵਗੰਧਾਰੀ | 38 | - | - | - | - | - |
| ਬਿਹਾਗੜਾ | 1 | - | - | 9 | 2 | - |
| ਵਡਹੰਸ | 9 | - | - | 3 | - | - |
| ਸੋਰਠਿ | 94 | 3 | - | - | - | - |
| ਧਨਾਸਰੀ | 58 | 1 | - | 1 | - | - |
| ਜੈਤਸਿਰੀ | 13 | - | - | 3 | 40 | 20 |
| ਟੋਡੀ | 29 | - | - | - | - | - |
| ਬੈਰਾੜੀ | 1 | - | - | - | - | - |
| ਤਿਲੰਗ | 5 | - | - | - | - | - |
| ਸੂਹੀ | 58 | 5 | ਗੁਣਵੰਤੀ (1) | 11 | - | - |
| ਬਿਲਾਵਲ | 129 | 2 | - | 5 | - | - |
| ਗੌਂਡ | 22 | 1 | - | - | - | - |
| ਰਾਮਕਲੀ | 60 | 8 | ਰੁਤੀ | 6 | 44 | 22 |
| ਨਟ ਨਾਰਾਇਣ | 10 | - | - | - | - | - |
| ਮਾਲੀ ਗਉੜਾ | 8 | - | - | - | - | - |
| ਮਾਰੂ | 31 | 6 | ਅੰਜਲੀਆਂ (2) ਸੋਹਲੇ (14) | - | 67 | 23 |
| ਤੁਖਾਰੀ | - | - | - | 1 | - | - |
| ਕੇਦਾਰਾ | 15 | - | - | 1 | - | - |
| ਭੈਰਉ | 57 | 3 | - | - | - | - |
| ਬਸੰਤ | 21 | 2 | - | - | - | - |
| ਸਾਰੰਗ | 139 | - | - | 1 | 3 | 1 |
| ਮਲਾਰ | 30 | - | - | 1 | 3 | 1 |
| ਕਾਨੜਾ | 50 | - | - | 1 | - | - |
| ਕਲਿਆਨ | 10 | - | - | - | - | - |
| ਪ੍ਰਭਾਤੀ | 15 | 3 | - | - | - | - |

ਹੋਰ ਬਾਣੀਆਂ (ਰਾਗਾਂ ਤੋਂ ਅੱਗੇ) : ਗਾਥਾ (24), ਸਲੋਕ ਸਹਿਸਕ੍ਰਿਤੀ 67, ਸਲੋਕ ਕਬੀਰ ਜੀ 4, ਫੁਨਹੇ (23) ਸਲੋਕ ਫਰੀਦ ਜੀ 5, ਚਉਬੋਲੇ (11) ਸਲੋਕ ਵਾਰਾਂ ਤੇ ਵਧੀਕ 22, ਸਵਈਏ (20), ਮੁੰਦਾਵਣੀ (2)

ਇਸ ਸਾਰੀ ਰਚਨਾ ਆਪ ਨੇ 1581 ਤੋਂ 1604 ਤੀਕ ਕੀਤੀ। ਸੁਖਮਨੀ ਸਾਹਿਬ ਦੀ ਰਚਨਾ 1601 ਤੋਂ 1604 ਵਿਚਾਲੇ ਹੀ ਕਿਧਰੇ ਹੋਈ ਹੈ। ਆਪ ਦੇ ਬਹੁਤ ਸਾਰੇ ਪਦਿਆਂ ਤੋਂ ਉਹਨਾਂ ਦੇ ਰਚਨਾ ਸਾਲ ਦਾ ਪਤਾ ਲਗਾਇਆ ਜਾ ਸਕਦਾ ਹੈ, ਕਿਉਂਕਿ ਉਹਨਾਂ ਵਿੱਚ ਆਪ ਦੇ ਜੀਵਨ ਦੀਆਂ ਕਈ ਘਟਨਾਵਾਂ ਦੇ ਸੰਕੇਤ ਦਿੱਤੇ ਹਨ ਜਿਵੇਂ ਸਰੋਵਰ ਦੇ ਰਚੇ ਜਾਣ ਦੇ, ਸੁਲਹੀ ਖਾਨ ਦਾ ਹਲਾ ਕਰਨ ਦੇ, ਬਾਲਕ ਹਰਿਗੋਬਿੰਦ ਦੇ ਬੀਮਾਰ ਹੋਣ ਦੇ, ਹਰਿਗੋਬਿੰਦ ਨੂੰ ਜ਼ਹਿਰ ਦਿੱਤੇ ਜਾਣ ਦੇ ਆਦਿ। ਗੁਰਗੱਦੀ ਦੇ ਉਪਰ ਦੱਸੇ 22 ਸਾਲਾਂ ਵਿੱਚ ਆਪ ਦੀ ਕਲਮ ਨਿਰੰਤਰ ਹਰਕਤ ਵਿੱਚ ਹੀ ਰਹੀ ਹੈ।

# Sikh Temple Makindu

P. S. Sachdev

'Tay Parsad' Plot No. 12 Ghatla Village, Chembur Mumbai 400 071

The origin of the Sikh Temple Makindu, can be traced back to the start of this century, to the building of the Uganda Railway which linked the interior of East Africa with the Coast. Makindu became an integral part of the railway network. A small encampment was established during the building of the railway and soon blossomed into a robust and bustling town by the 1920s. The main purpose of this railway town was the refuelling of locomotive engines on their way to the Kenyan coast. As part of the administrative and mechanical needs of the railways a considerable number of Indians and Europeans were recruited to the town. Amongst these were a number of pioneering Sikhs who became part of the larger history of the Sikh contribution to the overall development of the Kenyan nation.

As in the other parts of the country, the few Sikhs in the region set out to establish a small Gurudwara which served their spiritual needs and became an important meeting point. In the true spirit of "*Wand Ke Chhako*", the Makindu Gurudwara was built humbly with corrugated iron sheet roofing. A "*Pather Chhaap*" Sri Guru Granth Sahib Ji (in which the letters were printed using letter blocks engraved out of marble rock) was brought over from India. Amongst the founding fathers of the Gurudwara were Bhai Tara Singh Ahluwalia Ji, the shed master and. Bhai Lachman Das Ji, commonly known as "Dipti". During its heyday, Makindu had well over a thousand expatriates working for the railways.

However, with technological changes, the locomotive engine gave way to the diesel engine and gradually the town lost its strategic position as an important refueling station. The slow demise of Makindu as a railway town meant that its expatriate population eroded with the trasnfer of workers to other towns. Eventually, with the departure of the entire Sikh community the Gurudwara was closed leaving only an African named 'Gwalo', as its principle caretaker.

A window was left open so that travellers between Nairobi and Mombasa could stop and pay their respects to Guru Granth Sahib through this opening. This situation continued for about 25-30 years until the 1950s. It was during this time that many miraculous happenings occurred, such as the incident when the Gurudwara caught fire and the tin construction was burnt down. Only the Sri Guru Granth Sahib stood untouched by the flames even though everything else around had been burnt to cinders. Similarly, another time, a plague of deadly ants ravaged the Gurudwara but again only Sri Guru Granth Sahib Ji remained untouched.

One day Gwalo, the caretaker, experienced a miracle. He witnessed some Sikhs on horseback riding from the sky down towards the Gurudwara. Unable to fathom the significance of this miracle and being very scared, he ran to S. Dhanna

Singh Ji who owned a farm near Makindu. Upon questioning, Gwalo pointed at Guru Gobind Singh Ji's picture and said that this was the person he had seen leading the Sikh soldiers when they stopped at the Gurudwara. It is worth mentioning here that S. Dhanna Singh Ji was the kind individual who helped, looked after Gwalo's worldly needs during the many years that Gwalo stayed at Makindu, Immediately, Dhanna Singh contacted Sri Guru Singh Sabha, Nairobi.

At this time Sant Baba Puran Singh Ji was in deep meditation in the town of Kericho. He received divine knowledge from God that Sri Granth Sahib Ji had been left '*parkash*' and unattended for forty days. Baba Ji sent his Jathedar, Jagjit Singh Ji and the *Kirtani Jatha* to attend to this sewa. He commanded the *Jatha* to visit Makindu on the weekend following *Puranmasi* every month to clean the Gurudwara, wash the darbar with milk to signify purity and then to do *Rain Sabai Kirtan*. This practice continued for several years and on a number of occasions Baba Ji also participated in the *Rain Sabai Kirtan*. During each visit, immediately after entering compound of the Gurudwara, a 21 gun salute was given to the *Nishan Sahib*, using shotguns and revolvers.

The importance of this Gurudwara became known to many Sikhs from far and near and many of them started arranging *Akand Paths* and *Kirtan* programs as thanks giving for prayers that had been answered following *ardas* at this *asthaan*, As the Gurudwara became more popular, an independent management committee was formed by S. Sampuran Singh Bassan to look after the affairs of the flourishing gurudwara.

Sant Baba Puran Singh Ji had explained about the miracle which Gwalo, the caretaker, had witnessed. Baba Ji said that when Gurudwaras are left in a neglected and dilapidated state with Sri Guru Granth Sahib Ji inside, Guru Gobind Singh Ji and his *Shaheed* army came to alert devotees with type of miracle mentioned above.

It is without doubt that if Baba Ji with the blessing of God, had not sent the Jatha to look after the Gurudwara and start the regular *Kirtan* programmes and *Akhand Paths* at Makindu the present form of this unique Gurudwara would not have occurred.

Guru Nanak Nishkam Sewak Jatha has had links with Makindu Sikh Temple since the very beginning. Many of the founders were Baba Ji's devotees. S Tara Singh Ahluwalia's son S. Harcharan Singh Ahluwalia Ji was born at Makindu and is now resident in California USA has served the *Jatha* as a *Kirtani sewadar* for over 55 years and is still doing *Kirtan sewa* to this day. The foundation stone of the Gurudwara was laid by the eminent *Kirtania Ragi* Labh Singh Ji of Nairobi who was himself a close devotee of Baba Ji, and to this day his family are still serving the *Jatha* and the Makindu asthan. Similarly many other prominent Jatha families have played a major role in the *asthaan* at Makindu. Thus the *Jatha* and Makindu *asthaan* are inextricably linked.

# Gurmat Sangeet

## Bhayee Sikandar Singh

### Bhai Mardana

Mardana, born in 1459 A.D., son of Badray and Lakho Mirasi (bards) in village Talwandi, of Muslim parentage was a childhood friend and later life-long companion of Guru Nanak Dev. Being a devout Sikh, he acquired the title of "*Bhai*". He was an accomplished rabaab player and thus called *rabaabi*. He accompanied the great Guru in singing and travelled the world over in the Guru's company. He died in the town of Khuram in Afghanistan in 1534 A.D., where he was cremated by Guru Nanak Dev himself. The *keertanias*, following his tradition of singing *shabads* to the accompaniment of a rabaab, came to be known as *Rabaabis*. So immersed was Bhai Mardana in the spirit of the Guru, that one of his *slokas* was included in the Guru Granth Sahib by Guru Arjan Dev and two *slokas* addressed to him are to be found in the *Vaar* in *raag Bihagrha*.

### Bhai Satta and Balwand

The two were singers in the *rabaabi* tradition of *shabad* rendering during the times of Guru Arjan Dev and Guru Hargobind Sahib and were also accomplished poets. They composed and sang *Ramkali Dee Vaar* at the time of annointment of the Fifth Guru to the *Gaddi*. This *Vaar* is known as *Tikkay Dee Vaar* (the Coronation Ode) and has the privilege of being included in the Guru Granth Sahib for its spiritual content.

### Bhai Abdulla and Nath Mall

Bards in the court of Guru Hargobind Sahib and accomplished singers in the *Dhaadi* tradition of ballads (*Vaars*) and the folk lores (*Dhunnes*) set to *raaga* of the Guru Granth Sahib. Their ballad (*Vaar*) sung at the time of coronation of the Sixth Guru is even today sung by the *Dhaadis* of Punjab.

### Jathedar Jassa Singh Ahluwalia

The illustrious Sardar who captured the Red Fort of Delhi was also an accomplished *keertania*. He acquired this tradition from his mother and had the honour of regularly singing Gurbani in the presence of Mata Sunderji in his younger days. This reputed warrior was a unique combination of *Shakati*, *Bhakti* and *Sangeet*.

### Bhai Baabak

Besides being an outstanding *rabaabi*, he was also an accomplished soldier and dedicated Sikh of Guru Hargobind Sahib. Precursor of the Khalsa tradition of *Sant Sipahi*, he demonstrated his valour and commitment in the battle of Amritsar. Died in 1640 A.D. at Kiratpur.

### Bhai Shayam Singh

A dedicated *Gursikh keertania* of Amritsar who lived for over 90 years, sang Gurmat Sangeet in its purest form to the accompaniment of a *Saranda* at Harmandar Sahib during the nineteenth century, and passed away in the early twentieth century.

### Bhai Hira Singh (1879 - 1926)

An outstanding performer. His *keertan* was embellished in *raag* and *vairag*. A man

of great charity and service to community, he was famous for his enchanting renderings.

## Mahant Gajja Singh (1850 - 1914)

Maestro of Sikh classical devotional music, had his early musical training from Mir Rahmat Ali of Kapurthala where his *gurbhai* (co-pupil) was Bhai Buba (Mahboob Ali) son of Amir Bahash Rabaabi, a direct decendant of Bhai Phiranda of Bharoana who had provided the first rabaab to Bhai Mardana in Guru Nanak's times.

Gajja Singh (later Mahant) was an accomplished '*beenkar*' who later became an outstanding '*taaoos*' player in the classical tradition, and singer of Gurbani -especially *dhrupads*, *dhamaras* and *parhtaals*.

Under patronage of the Maharaja of Patiala, he took up the project of documenting original '*Reets*' and '*Dhunees*' as set by Guru Arjun Dev and preserved by oral tradition by Sikh minstrels, but died in June 1914 leaving his work incomplete.

## Bhai Samund Singh (1901 - 1972)

An outstanding exponent of keertan during his times, came from a family of Sikh theologians and *keertanias*. Apart from his father, he acquired his talent from Bhai Sher Singh of Gujranwala and Bhai Piara Singh Rabaabi. His understading of the scriptures and his enunciation were as accurate and impeccable as his mastery over the raags.

His forte were the *Chhota Khayal, thumri and tappa 'Ang'*. His musicality extended to dhumpad and *dhamar 'ang'* of *keertan* which he also sang on occasions.

## Bhai Jawala Singh (1872 - 1952)

A rènowned exponent of the Gurmat Sangeet, whose musical lineage dated back to the times of Guru Arjan Dev and whose ancestors had taken *Amrit* at Anandpur on the first great Baisakhi of 1699.

He had at his command an abundance of traditional and classical composition (*reet*) some of which date back to the time of Gurus themselves. He had a vast treasure of *dhunees* (lores), parhtaals and other traditional compositions of the Sikh tradition in his repertoire.

A leading member of the Singh Sabha movement and who courted arrest in the movement for recovering the keys of the Golden Temple treasury taken away by the British and in *Jaito Morcha*. He presided over the first All India Raagis Conference held in Amritsar in 1942.

## Bhai Chand

An exponent of the *rabaabi* tradition of Gurmat Sangeet, he occupied a prominent place in the galaxy of keertanias during the second quarter of this century, following the tradition of Bhai Mardana, the first *rabaabi* accompanist of Guru Nanak. Despite being of Muslim faith, *rabaabis* were devout singers of Gurbani and expert musicians.

Bhai Chand was a store-house of old compositions (*reet*) and superb exponent of Gurbani, and was a regular singer at the Harmandar. After partition, he was obliged to move to Pakistan where he passed away in June 1949.

## Bhai Santa Singh (1902 - 1966)

An outstanding keertania of the post-independence period, Bhai Santa Singh was an accomplished musician with the gift of effective and emotional rendition of *Shabads* and *raags*. A learned classical musician whose purity of rendition of raags was discernable. He was the resident (*Hazoori*) *raagi* of Gurdwara Sis Ganj, Delhi.

## Bhai Balbir Singh (b. 1933)

Coming from a family with a tradition of *Shabad Keertan*, Bhai Balbir Singh is doyen of *raagis* in the present times. Having learnt the Gurmat Sangeet tradition from his father Giani Santa Singh of Taran Taran and his uncles, he enriched his art by learning from Pandit Krishan Rao and Ustad Faiyyaz Khan. He performed *keertan* for 36 years at the Harmandar Sahib. His forte is the exposition of the traditional style and has mastery over *laiyakaari*.

## Bhai Dilbagh Singh and Gulbagh Singh

The brothers are an example of classical emphasised *keertan*. Their singing is a pleasant mixture of *qwali* and *rabaabi* style of singing.

## Dr. Jagir Singh (b. 1949)

Scion of the well-known traditional keertania of Patiala, Bhai Uttam Singh Patang, Dr. Jagir Singh belongs to the new generation of *raagis* who has a deep sense of commitment to the purity of Gurmat Sangeet and at the same time has imbibed the seriousness of the classical music. His singing is marked by *sudh swar* and has a melodious voice, catholicity of the *raags* sung with a somber temperament. He has done his doctorate in Gurmat Sangeet from Punjab University.

## Bhai Tej Pal Singh and Surinder Pal Singh

Known as the *Singh Bandhus*, the brothers are well known exponents of Hindustani classical music. They acquired their musical expertise from their brother Principal J.S. Sardar and later from the renowned Ustad Amir Khan. The duo are masters of *raag*, *sur* and *taal*. Their *Shabad* singing is rich in devotion and classical Indian musical tradition, especially the *Chotta Khayal 'Ang'*.

## Bhal Amrik Singh Zakhmi

He represents the old *rabaabi* tradition of keertan acquired from his learned father Bhai Dharam Singh Zakhmi and his uncle Shamsher Singh. He comes from a family of *Keertanias* where in their earlier days Bhai Dharam Singh and his three brothers used to perform as a *Chowki* (four-some) in the traditional pattern. Bhai Amrik Singh has acquired his familiarity with Persian *Shabads* of the Gurbani and of Bhai Nand Lal from his father who was well versed in traditional languages of the scriptures including Persian. His singing is remarked with '*Parmaan*' (Illustrations from Gurbani) singing and effective use of rhythm. The family tradition is kept alive by his brother and his son, now forming the team.

---

*Courtesy:* NISHAN, published by 'The Nagaara Trust'

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਸਾਰੰਗ ਮਹਲਾ 5 ਦੁਪਦੇ ਘਰੁ 4 | **Sarang 5th Guru Dupadas** | ਸਾਰੰਗ ਪੰਜਵੀਂ ਪਾਤਿਸ਼ਾਹੀ ਦੁਪਦੇ |
| ੴ ਸਤਿਗੁਰ ਪ੍ਰਸਾਦਿ॥ | There is but One God. By the True Guru's grace. He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ। |
| ਮੋਹਨ ਘਰਿ ਆਵਹੁ ਕਰਉ ਜੋਦਰੀਆ॥ | O my Fascinating Lord, I make supplication unto Thee. Come Thou into my home. | ਹੇ ਮੇਰੇ ਮਨਮੋਹਨ ਪ੍ਰਭੂ! ਮੈਂ ਤੇਰੇ ਅੱਗੇ ਬੇਨਤੀ ਕਰਦੀ ਹਾਂ। ਤੂੰ ਮੇਰੇ ਗ੍ਰਿਹ ਅੰਦਰ ਆ। |
| ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ॥੧॥ | I indulge in self-esteem and egoistic is my speech. Though in error and mistake, but still I am Thine hand-maiden, O my spouse. | ਮੈਂ ਸਵੈ-ਸਨਮਾਨ ਅੰਦਰ ਗਲਤਾਨ ਹਾਂ ਅਤੇ ਹੰਕਾਰਮਤੀ ਹੈ ਮੇਰੀ ਬੋਲਚਾਲ। ਭਾਵੇਂ ਮੈਂ ਭੁਲੇਖੇ ਅਤੇ ਗਲਤੀ ਵਿੱਚ ਹਾਂ ਪਰ ਫਿਰ ਭੀ ਮੈਂ ਤੇਰੀ ਚੇਰੀ ਹਾਂ, ਹੇ ਮੇਰੀ ਪਤੀ! |
| ਰਹਾਉ॥ | Pause. | ਠਹਿਰਾਉ। |
| ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ॥ | I hear Thou art near, but I see Thee not. Wandering in doubt suffer I sorrow. | ਮੈਂ ਤੈਨੂੰ ਨੇੜੇ ਹੀ ਸੁਣਦਾ ਹਾਂ, ਪ੍ਰੰਤੂ ਤੂੰ ਮੈਨੂੰ ਦਿਸਦਾ ਨਹੀਂ। ਵਹਿਮ ਅੰਦਰ ਭਟਕ ਮੈਂ ਕਸ਼ਟ ਉਠਾਉਂਦੀ ਹਾਂ। |
| ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆ॥੧॥ | Becoming merciful the Guru has removed the screen and meeting with my Beloved, my soul is in bloom. | ਮਿਹਰਬਾਨ ਹੋ ਗੁਰਾਂ ਨੇ ਪੜਦਾ ਲਾਹ ਦਿੱਤਾ ਹੈ ਅਤੇ ਆਪਣੇ ਪ੍ਰੀਤਮ ਨਾਲ ਮਿਲ ਕੇ, ਮੇਰੀ ਜਿੰਦੜੀ ਪ੍ਰਫੁੱਲਤ ਥੀ ਗਈ ਹੈ। |
| ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ॥ | If I forget my Lord even for an instant, I deem that equal to myriads of days and lacs of years. | ਜੇਕਰ ਮੈਂ ਆਪਣੇ ਸਾਂਈਂ ਨੂੰ ਇੱਕ ਮੁਹਤ ਭਰ ਲਈ ਭੀ ਭੁੱਲ ਜਾਵਾਂ, ਮੈਂ ਉਸ ਨੂੰ ਕ੍ਰੋੜਾਂ ਦਿਹਾੜਿਆਂ ਤੇ ਲੱਖਾਂ ਸਾਲਾਂ ਦੇ ਤੁਲ ਜਾਣਦੀ ਹਾਂ। |
| ਸਾਧ ਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ॥੨॥੧॥੨੪॥ | When I obtained the association of the saints congregation, then met I with my God, O Nanak. | ਜਦ ਸਤਿਸੰਗਤ ਦਾ ਸਮਾਗਮ ਪਰਾਪਤ ਹੋਇਆ, ਤਦ ਮੇਰਾ ਆਪਣੇ ਵਾਹਿਗੁਰੂ ਨਾਲ ਮਿਲਾਪ ਹੋ ਗਿਆ, ਹੇ ਨਾਨਕ! |

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ
**ਗੁਰਸਿੱਖ ਸੰਜੋਗ** (ਪੰਦਰਾ-ਰੋਜ਼ਾ ਪੱਤਰ)
ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060 ਫੋਨ: 5853955

*With compliments from*
**ASSOCIATES GROUP**
SECURITY & SERVICES **PVT LTD**
GROUP H.Q. : No. 1513, Sector 36-D, Chandigarh. Ph. : 0172-602508
OPERATIONS H.Q. : S.C.O. 1131, Sector 22-B, Chandigarh. Ph. : 0172-709105
*For your Security & Manpower*

# ਸੁਰ ਲਿਪੀਆਂ

## ਪਿਆਰਾ ਸਿੰਘ ਪਦਮ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | *ਸਥਾਈ:* | ਰੇ | ਸ | ਰੇ | ਨ਼ੀ | ਸਾ |
| | | | | | | | | | | | ਮੋ | ਹ | ਨ | ਘ | ਰਿ |
| ਸਾ | | | | | | | | | | | | | | | |
| ਸਾਂ | - | ਨੁ | ਪ | ਰੇ | ਮ | ਪਨੁੀ | ਨੀਪ | ਮ | ਰੇ | ਨ਼ੀਸਾ | - | | | | |
| ਆ | s | ਵੇ | s | ਕ | ਰ | ਉਸ | ਜੋਂਸ | ਦ | ਗੀ | ਆਂs | s | | | | |
| | | | | | | | | | | | | ਰੇ | ਮ | ਰੇ | ਸਾ |
| | | | | | | | | | | | | ਮਾ | s | ਨ | ਕ |
| ਨ਼ੀ | - | ਸ | ਸ | ਮ | ਰੇ | ਮ | ਪ | ਨੁੀ | ਨੁੀ | ਪਮ | ਪ | ਮ | ਪ | ਨੀ | ਸਾਂ |
| ਰ | ਉ | ਅ | ਭਿ | ਮਾ | s | ਨੇ | s | ਬੋ | s | ਲਉ | s | ਭੂ | ਲ | ਚੂ | ਕ |
| ਰੇਂ | ਮਂ | ਰੇਂ | ਸਾਂ | ਨੀ | ਸਾਂ | ਰੇਂ | ਸਾਂ | ਨੀ | ਸਾਂ | ਨੁੀਪ, | ਰੇ | ਸ | ਰੇ | ਨ਼ੀ | ਸਾ |
| ਤੇ | s | ਰੀ | s | ਪ੍ਰਿ | s | ਆ | s | ਚਿ | ਗੀ | ਆਂs | ਮੋ | ਹ | ਨ | ਘ | ਰਿ |
| *ਅੰਤਰਾ:* | | | | | | | | | | | | | | | |
| ਮ | ਮ | ਮ | ਮ | ਪਨੁੀ | ਨੁੀਪ | ਨੀ | ਨੀ | ਸਾਂ | - | ਸਾਂ | ਸਾਂ | ਪਨੀ | ਸਾਂਰੇਂ | ਮਂਰੇਂ | ਨੀਸਾਂ |
| ਨਿ | ਕ | ਟ | ਸੁ | ਨਃs | sਓ | ਅ | ਰੁ | ਪੇ | s | ਖ | ਉ | ਨਾਂs | ss | ਹੀਂs | ss |
| ਪ | ਨੀ | ਸਾਂ | ਰੇਂ | ਨੀ | ਸਾਂ | ਨੁੀ | ਪ | ਰੇ | ਮ | ਨੁੀਪ, | ਰੇ | ਮ | ਰੇ | ਨ਼ੀ | ਸਾ |
| ਭ | ਰਿ | ਮ | ਭ | ਰਿ | ਮ | ਦੁ | ਖ | ਭ | ਗੀ | ਆਂs | ਮੋ | ਹ | ਨ | ਘ | ਰਿ |

***ਕੁਛ ਤਾਨਾਂ (ਸਥਾਈ)***

ਨ਼ੀਸਾ ਰੇਮ ਰੇਸਾ ਨ਼ੀਸਾ, ਨੁੀਨੁੀ ਪਮ ਰੇਸਾ

ਨ਼ੀਸਾ ਰੇਮ ਪਨੀ ਸਾਂਰੇਂ - - -

ਰੇਂਰੇਂ ਨੀਸਾਂ ਨੁੀਨੀ ਮਪ ਰੇਂਰੇਂ ਨੀਸਾਂ, ਰੇਂਰੇਂ ਸਾਂਨੁੀ ਪਮ ਰੇਸਾ ਨ਼ੀਸਾ

ਨ਼ੀਸਾ ਰੇਮ, ਰੇਮ ਪਨੁੀ ਮਪ ਨੀਸਾਂ, ਪਨੀ ਸਾਂਰੇ ਸਾਂਰੇਂ ਸਾਂਨੁੀ ਸਾਂਨੁੀ ਪਨੁੀ ਪਨੁੀ ਪਮ ਰੇਸ ਨ਼ੀਸ

***ਅੰਤਰੇ ਦੀਆਂ ਤਾਨਾਂ***

ਨੀਸਾਂ ਰੇਂਸਂ ਰੇਂਸਾਂ ਨੀਸਾਂ ਨੁੀਨੁੀ ਪਮ ਰੇਸਾ ਨ਼ੀਸਾ

ਪਨੀ ਸਾਂਰੇਂ ਸਾਂਨੁੀ ਨੁੀਪ ਪਨੁੀ - - -

ਰੇਂਮਂ ਰੇਂਸਾਂ ਨੀਸਾਂ, ਨੀਰੇਂ ਸਾਂਨੀ ਪਮ, ਰੇਮ ਰੇਸਾ ਨ਼ੀਸਾ ਰੁਮੇ ਪਨੀ ਸਾਂਰੇਂ, ਪਨੀ ਸਾਂਰੇਂ ਮਰੇਂ ਨੀਸਾਂ

ਮਂਮਂ ਰੇਂਮਂ ਰੇਂਸਾਂ ਨਿਸਾਂ, ਰੇਂਰੇਂ ਸਾਂਰੇਂ ਸਾਂਨੀ ਪਨੁੀ, ਨੁੀਨੁੀ ਪਨੁੀ ਪਮ ਰੇਸਾ ਨਿ਼ਸਾ ਰੇਮ ਪਨੀ ਸਾਂ-

**ਰਾਗੁ ਸਾਰੰਗ (ਬ੍ਰਿੰਦਰਬਨੀ)**

**ਠਾਠ** : ਕਾਫੀ, **ਵਾਦੀ** : ਰੇ, **ਸੰਵਾਦੀ** : ਪ, **ਜਾਤੀ** : ਔਡਵ, ਔਡਵ, **ਅਰੋਹ** : ਨ਼ੀ ਸਾਰੇ ਮ ਪ ਨੀ ਸਾਂਰੇਂ

**ਅਵਰੋਹ** : ਸਾਂ ਨੁੀ ਪ ਮ ਰੇ ਸਾ ਨ਼ੀ ਸਾ, **ਮੁਖ ਅੰਗ** : ਨ਼ੀ ਸਾ ਰੇ, ਮਰੇ, ਪ ਮ ਰੇ ਸਾ,

**ਵਰਜਿਤ ਸੁਰ** : ਗ ਅਤੇ ਧ, ਆਰੋਹ 'ਚ ਸ਼ੁਧ ਨੀ, ਅਵਰੋਹ 'ਚ ਕੋਮਲ ਨੁੀ

**ਸਮਾਂ** : ਦੋਪਹਿਰ, ਲਗਭਗ ਦਿਨ ਦੇ 12 ਵਜੇ।

ਹਿੰਦੁਸਤਾਨੀ ਸੰਗੀਤ ਦੇ ਅਧਾਰ ਤੇ, ਸਾਰੰਗ ਦੀਆਂ ਕਿਸਮਾਂ ਨੇ ਜਿਸ ਤਰ੍ਹਾਂ ਬ੍ਰਿੰਦਰਬਨੀ, ਮਧਯਮਾਤ, ਸਾਮੰਤ, ਸੁਧ ਸਾਰੰਗ, ਗੌਂਡ ਸਾਰੰਗ, ਮੀਆਂ ਕੀ ਸਾਰੰਗ ਅਤੇ ਵਡਹੰਸ ਸਾਰੰਗ। ਇਸ ਵਿੱਚ ਮ ਵਾਦੀ ਕਰਨ ਨਾਲ ਸੂਰ ਮਲ੍ਹਾਰ ਦਾ ਡਰ ਰਹਿੰਦਾ ਹੈ ਅਤੇ ਮਰੇ, ਸਰੇ ਵਾਰ ਵਾਰ ਕਰਨ ਨਾਲ ਅਤੇ ਪ ਨ̱ੀ ਪ ਕਰਨ ਨਾਲ ਮੇਘ ਮਲ੍ਹਾਰ ਦਾ ਸਵਰੂਪ ਬਨ ਜਾਂਦਾ ਹੈ। ਇਸ ਲਈ ਨਿਮਤ ਲਿਖਤ ਸਵਰ ਵਿਸਥਾਰ ਨੂੰ ਪੂਰੀ ਤਰ੍ਹਾਂ ਤਿਆਰ ਕਰ ਲੈਣਾ ਜਰੂਰੀ ਹੈ :

***ਸਥਾਈ :***

ਰੇ ਨ਼ੀ ਨ਼ੀ

(1) ਨੀ - - ਸਂ - - (ਸਾ) ਨ਼̱ੀ ਪ਼ ਨ਼ੀ - - ਸਾ, ਪ਼ ਨ਼ੀ - - ਸਾ ਰੇ ਰੇ ਨ਼̱ੀ ਪ਼ ਮ਼ ਪ਼ ਨ਼ੀ ਸਾ ਨ਼ੀ ਸਾ ਰੇ - - - ਰੇ ਨੀ - - ਪ ਮ ਪ ਨੀ ਸਾ - -, ਨੀ ਗਾ ਰ - - ਰੇ - - ਨੀ ਸਾ

(2) ਰੇ ਰੇ ਸਾ ਨ਼ੀ ਸਾ ਨ਼̱ੀ ਪ਼ ਨ਼ੀ ਸਾ, ਪ਼ ਨ਼ੀ ਸਾ ਰੇ ਮ - ਰੇ, ਮ ਮ ਰੇ ਸਾ ਨ਼ੀ ਸਾ, ਨ਼̱ੀ ਨ਼̱ੀ - - - ਮ਼ ਪ਼ ਨ਼ੀ ਸਾ ਰੇ, ਸਾ ਰੇ ਨ਼̱ੀ ਪ਼, ਨ਼̱ੀ ਨ਼̱ੀ ਪ਼ ਮ਼ ਪ਼ ਨ਼ੀ - ਸਾ ਰੇ ਮ - ਰੇ ਮ - ਰੇ - ਸਾ ਨ਼ੀ ਸਾ।

(3) ਨੀ ਸਾ ਰੇ ਮ ਪ - - ਮ ਪ ਮ ਰੇ - ਪ ਮ ਰੇ - ਰੇ ਮ ਪ ਨ̱ੀ - ਪ ਮ ਪ - - ਮ ਰੇ ਰੇ ਮ ਪ ਨ̱ੀ ਮ ਪ - - - ਮ ਰੇ, ਮ ਮ ਰੇ ਪਾ, ਨ਼ੀ ਸਾ ਰੇ ਮ ਪ ਨ̱ੀ ਪ ਮ ਰ ਸਾ ਨ਼ੀ ਸਾ

(4) ਨ਼ੀ ਮਾ ਰੇ ਮ ਪ ਨ̱ੀ - - - - ਪ - -, ਨ̱ੀ ਨ̱ੀ ਪ ਮ ਰੇ ਮ ਪ - - ਪ਼ ਨ਼̱ੀ ਨ਼̱ੀ ਪ਼ ਮ਼ ਪ਼ ਨ਼ੀ ਸਾ ਰੇ ਮ ਪ ਨ̱ੀ ਪ ਮ ਰੇ ਰੇ ਨ਼ੀ, ਨ਼ੀ ਸਾ ਰੇ ਮ ਪ ਨ̱ੀ - - ਪ ਨੀ ਸਾਂ ਨ̱ੀ ਪ, ਮ ਪ ਨੀ ਸਾ ਨ̱ੀ ਨ̱ੀ ਪ ਮ ਪ ਨੀ ਸਾਂ

(5) ਨ਼ੀ ਸਾ ਰੇ ਮ ਪ ਨੀ - - - ਸਾਂ - - ਪ ਨੀ ਸਾਂ ਨ̱ੀ ਪ - -, ਮ ਪ ਨੀ ਸਾਂ ਰੇਂ ਨੀ ਸਾਂ (ਸਾਂ) ਨ̱ੀ - ਪ, - ਰੇ ਮ ਪ ਨ̱ੀ - ਪ - - -, ਰੇ ਮ ਪ ਨ̱ੀ, ਪ ਨ̱ੀ ਪ ਮ ਰੇ - ਮ ਮ ਰੇ ਸਾ ਨ਼ੀ ਸਾ

***ਅੰਤਰਾ :***

(1) ਮ ਪ ਨੀ ਸਾਂ - - - ਨੀ ਸਾ, ਪ ਨੀ ਸਾਂ ਰੇਂ ਨੀ ਸਾਂ ਨ̱ੀ ਪ - - ਮ ਪ ਨੀ ਸਾਂ - - ਰੇਂ ਮ ਪ ਨੀ ਸਾਂ - -

(2) ਨ̱ੀ ਨ̱ੀ ਪ ਮ ਪ ਨੀ ਸਾਂ ਰੇਂ ਨੀ ਸਾਂ - ਨੀ - ਪ ਨੀ - - ਸਾਂ, ਪ ਨੀ ਸਾਂ ਰੇਂ - - ਰੇਂ ਨ̱ੀ ਪ ਮ ਰੇ ਰੇ ਮ ਪ ਨ̱ੀ, ਪ ਪ ਨੀ - - - ਸਾਂ, ਮ ਪ ਨੀ - - ਸਾਂ

ਮ

(3) ਨ̱ੀ - - ਮ ਪ ਨੀ ਸਾਂ ਰੇਂ ਨੀ ਸਾਂ - - ਨ̱ੀ ਪ, ਪ ਨੀ ਸਾਂ, ਮ ਪ ਨੀ ਸਾਂ ਰੇਂ ਰੇਂ ਨ̱ੀ ਪ

ਮ

(4) ਨ਼ ਸਾ ਰੇ ਮ ਪ ਨੀ ਸਾਂ ਰੇਂ ਨੀ ਸਾਂ - - ਸਾਂ ਨ̱ੀ - ਪ, ਨ̱ੀ ਨ̱ੀ ਪ ਮ ਪ ਨੀ ਸਾਂ ਰੇ - - ਰੇਂ - - - ਰੇਂ ਰੇਂ ਸਾਂ ਨ̱ੀ ਪ ਨੀ ਸਾਂ ਰੇਂ ਨੀ ਸਾਂ, ਮ ਪ ਨੀ ਸਾਂ ਰੇਂ ਨੀ ਸਾਂ ਰੇਂ ਨੀ ਸਾਂ ਨ̱ੀ ਪ ਸਾਂ - ਮ ਪ ਨੀ ਸਾਂ ਰੇਂ ਮਂ - ਰੇਂ ਮਂ ਮਂ ਰੇਂ ਸਾਂ ਰੇਂ ਨੀ ਸਾਂ, ਨ̱ੀ ਨ̱ੀ ਪ, ਮ ਪ ਨੀ ਸਾਂ ਰੇਂ ਰੇਂ ਰੇਂ ਸਾਂ ਨੀ ਸਾਂ

(5) ਸਾਂ ਨ̱ੀ ਪ ਨੀ ਸਾਂ ਰੇਂ ਨੀ ਸਾਂ, ਮ ਪ ਨੀ ਸਾਂ ਰੇਂ ਮਂ - ਰੇਂ - ਨ̱ੀ ਪ ਮ ਰੇ, ਰੇ ਮ ਪ ਨੀ ਸਾਂ ਰੇਂ - - ਮਂ ਮਂ ਰੇਂ ਸਾਂ ਨ̱ੀ ਨ̱ੀ ਮ ਪ ਨੀ ਸਾਂ, ਨੀ ਸਾਂ ਰੇਂ ਮਂ ਰੇਂ - -, ਰੇਂ ਮਂ ਪਂ ਮਂ ਰੇਂ - - ਨੀ ਸਾਂ ਨੀ ਰੇਂ ਰੇਂ ਨ̱ੀ ਪ - ਰੇ, ਨ̱ੀ ਪ, ਨ̱ੀ ਨ̱ੀ ਪ ਮ ਰੇ ਸਾ।

ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-A, ਚੰਡੀਗੜ੍ਹ
ਫੋਨ-772660

ਅੰਮ੍ਰਿਤ ਵਰਖਾ
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

Postal Regd. No. PB/0135/2000 RNI Regd. No. 46788/89 ISSN 0972-2335







The Retail Banking Boutique gifts you the convenience of instant loan facilities at

565, Railway Road, Gurgaon Ph.: 0124-334590
SCO 23-24-25, Sector 34-A, Chandigarh Ph.: 0172-669477
Cheema Chowk I.F.B., Ludhiana Ph.: 0161-653157, 653158
Katra Ahluwalia, Amritsar Ph.: 0183-532820
Civil Lines, Jalandhar Ph.: 0181-224453

Car Loans ● Housing Loans

Personal Loans ● Consumer Loans

*In the service of nation since 1865*

ALLAHABAD BANK

*A Tradition of Trust*

# "ALP - THE MARK OF QUALITY"

*A joint venture with Nishikawa Rubber Company of Japan*
*(World leading company in EPDM weathstrips)*



## QUALITY SEALS FOR GLOBAL MARKET

**Manufactuers of specialised EPDM rubber, sponge and flock products for the automotive original equipment and building markets**

UNDER THE BRAND NAME OF *ALP,* WE MANUFACTURE

- **Flocked / PU Coated Glass Run Channels**
- **Celluar Profiles with Nylon Inserts**
- **PVC Trims**
- **Bus Body Building Profiles**
- **Windshield Rubber**
- **Co-extrubed Profiles / Trims**
- **PVC Sponge Seals**
- **Building Profiles**

The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.

ALP

ANAND NISHIKAWA COMPANY LIMITED

**An ISO 9002 Company**
C- 10, Sector : 1, NOIDA (U.P.)
**Phone :** 0118 - 556528
**email :** anco.lalru@rmc.sprint.rpg.ems.vsnl.net.in
**Visit us at :** htto://wwwaindiannauto.com/alp